JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 149 | Friday, July 29, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਸਮਰ ਸੈਸ਼ਨ ਦੌਰਾਨ ਪ੍ਰੋਵਿੰਸ਼ੀਅਲ ਬਜਟ ਨੂੰ ਪਾਸ ਕਰਵਾਉਣ ਵੱਲ ਧਿਆਨ ਦੇਵੇਗੀ ਫੋਰਡ ਸਰਕਾਰ



ਓਨਟਾਰੀਓ, 28 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਪ੍ਰੋਵਿੰਸ਼ੀਅਲ ਰਾਜ ਭਾਸ਼ਣ 9 ਅਗਸਤ ਨੂੰ ਦਿੱਤਾ ਜਾਵੇਗਾ। ਇਸ ਨਾਲ ਵਿਧਾਨ ਸਭਾ ਦੇ ਸਮਰ ਸੈਸ਼ਨ ਦੀ ਸ਼ੁਰੂਆਤ ਵੀ ਹੋਵੇਗੀ।

ਪ੍ਰੀਮੀਅਰ ਡੱਗ ਫੋਰਡ ਦੀ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਇਹ ਭਾਸ਼ਣ ਲੈਫਟੀਨੈਂਟ ਗਵਰਨਰ ਐਲਿਜ਼ਾਬੈੱਥ ਡਾਊਡਸਵੈੱਲ ਵੱਲੋਂ ਦਿੱਤਾ ਜਾਵੇਗਾ। ਇਹ ਕੁਈਨਜ਼ ਪਾਰਕ ਵਿਖੇ ਵਿਧਾਨ ਸਭਾ ਦੇ ਪਰਤਣ ਤੋਂ ਇੱਕ ਦਿਨ ਬਾਅਦ ਹੋਵੇਗਾ। ਪਿਛਲੇ ਮਹੀਨੇ ਫੋਰਡ ਨੇ ਇਸ ਗੱਲ ...ਬਾਕੀ ਪੰਨਾ 6 'ਤੇ

## ਗੱਡੀਆਂ ਚੋਰੀ ਕਰਨ ਵਾਲੇ ਤਿੰਨ ਮੁਜਰਮਾਨਾਂ ਸੰਗਠਨਾਂ ਦਾ ਪਰਦਾਫਾਸ਼, 28 ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

* ਚੋਰੀ ਕੀਤੀਆਂ 200 ਤੋਂ ਵੱਧ ਗੱਡੀਆਂ ਬਰਾਮਦ *ਚਾਰਜ ਕੀਤੇ ਵਿਅਕਤੀਆਂ ਵਿੱਚ ਸਰਵਿਸ ਓਨਟਾਰੀਓ ਦੇ ਮੁਲਾਜ਼ਮ ਵੀ ਸ਼ਾਮਲ

ਓਨਟਾਰੀਓ, 28 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਤੇ ਸਸਕੈਚਵਨ ਵਿੱਚ ਗੱਡੀਆਂ ਚੋਰੀ ਕਰਨ ਵਾਲੇ ਤਿੰਨ ਮੁਜਰਮਾਨਾ ਸੰਗਠਨਾਂ ਦਾ ਪਰਦਾਫਾਸ਼ ਕਰਕੇ ਪੁਲਿਸ ਨੇ 200 ਤੋਂ ਵੱਧ ਚੋਰੀ ਕੀਤੀਆਂ ਗਈਆਂ ਗੱਡੀਆਂ ਬਰਾਮਦ ਕੀਤੀਆਂ ਹਨ ਤੇ 28 ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ। ਇਨ੍ਹਾਂ ਵਿੱਚ ਸਰਵਿਸ ਓਨਟਾਰੀਓ ਦੇ ਵੀ ਕਈ ਮੁਲਾਜ਼ਮ ਸ਼ਾਮਲ ਹਨ।



ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਅਨੁਸਾਰ 22 ਮਹੀਨੇ ਚੱਲੀ ਜਾਂਚ ਨੂੰ ਪ੍ਰੋਜੈਕਟ ਮਾਇਰਾ ਦਾ ਨਾਂ ਦਿੱਤਾ ਗਿਆ ਸੀ। ਇਸ ਪ੍ਰੋਜੈਕਟ ਨੂੰ ਸਤੰਬਰ 2020 ਵਿੱਚ ਉਸ ਸਮੇਂ ਸ਼ੁਰੂ ਕੀਤਾ ਗਿਆ ਜਦੋਂ ਪੁਲਿਸ ਨੇ ਗੱਡੀਆਂ ਚੋਰੀ ਕਰਨ ਵਾਲੇ ਇੱਕ ਨੈੱਟਵਰਕ ਦਾ ਭਾਂਡਾ ਫੋੜਿਆ ਸੀ। ਇਸ ਨੈੱਟਵਰਕ ਤਹਿਤ ਚੋਰੀ ਕੀਤੀਆਂ ਗੱਡੀਆਂ ਨੂੰ ਮੌਡੀਫਾਈ ਕੀਤਾ ਜਾਂਦਾ ਸੀ ਤੇ ਉਨ੍ਹਾਂ ਦੇ ਆਈਡੈਂਟੀਫਿਕੇਸ਼ਨ ਨੰਬਰ (ਵਿੰਨਜ਼) ਨੂੰ ਬਦਲ ਕੇ ਉਨ੍ਹਾਂ ਨੂੰ ਅੱਗੇ ਵੇਚ ਦਿੱਤਾ ਜਾਂਦਾ ਸੀ। ਪੁਲਿਸ ਨੇ ਦੱਸਿਆ ਕਿ ਇਹ ਚੋਰੀਆਂ ਮੁੱਖ ਤੌਰ ਉੱਤੇ ਓਨਟਾਰੀਓ ਵਿੱਚ ਕੀਤੀਆਂ ਗਈਆਂ।

ਇਸ ਜਾਂਚ ਤਹਿਤ ਪੁਲਿਸ ਨੇ 215 ਗੱਡੀਆਂ ਬਰਾਮਦ ਕੀਤੀਆਂ ਜਿਨ੍ਹਾਂ ਦੀ ਕੀਮਤ 12 ਮਿਲੀਅਨ ਡਾਲਰ ਤੋਂ ਵੀ ਵੱਧ ਸੀ। ਜਾਂਚਕਾਰਾਂ ਅਨੁਸਾਰ ਬਰਾਮਦ ...ਬਾਕੀ ਪੰਨਾ 6 'ਤੇ

## ਪਾਬੰਦੀਸ਼ੁਦਾ ਹਥਿਆਰਾਂ ਨੂੰ ਵਾਪਿਸ ਖਰੀਦਣ ਲਈ ਫੈਡਰਲ ਸਰਕਾਰ ਨੇ ਪ੍ਰਸਤਾਵਿਤ ਮੁਆਵਜ਼ੇ ਦਾ ਕੀਤਾ ਖੁਲਾਸਾ

ਓਟਵਾ, 28 ਜੁਲਾਈ (ਪੋਸਟ ਬਿਊਰੋ) : ਪਾਬੰਦੀਸ਼ੁਦਾ ਹਥਿਆਰਾਂ ਨੂੰ ਵਾਪਿਸ ਖਰੀਦਣ ਲਈ ਅਜਿਹੇ ਹਥਿਆਰਾਂ ਦੇ ਮਾਲਕਾਂ ਨੂੰ ਕਿੰਨੀ ਰਕਮ ਅਦਾ ਕੀਤੀ ਜਾਵੇਗੀ ਇਸ ਦਾ ਖੁਲਾਸਾ ਫੈਡਰਲ ਸਰਕਾਰ ਵੱਲੋਂ ਵੀਰਵਾਰ ਨੂੰ ਕੀਤਾ ਗਿਆ।



ਵੀਰਵਾਰ ਨੂੰ ਪਬਲਿਕ ਸੇਫਟੀ ਕੈਨੇਡਾ ਵੱਲੋਂ ਬਾਇਬੈਕ ਪ੍ਰੋਗਰਾਮ ਤਹਿਤ ਪਾਬੰਦੀਸ਼ੁਦਾ ਹਥਿਆਰਾਂ ਦੇ ਮਾਲਕਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਦੀ ਪੂਰੀ ਰਕਮ ਸਬੰਧੀ ਲਿਸਟ ਜਾਰੀ ਕੀਤੀ ਗਈ। ਬਾਇਬੈਕ ਆਫਰ 1500 ਮਾਡਲਜ਼ ਉੱਤੇ ਲਾਗੂ ਹੁੰਦੀ ਹੈ। ਜ਼ਿਕਰਯੋਗ ਹੈ ਕਿ ਪਹਿਲੀ ਮਈ, 2020 ਤੋਂ ਸਰਕਾਰ ਵੱਲੋਂ ਅਸਾਲਟ ਸਟਾਈਲ ਹਥਿਆਰਾਂ ਦੀਆਂ ਕਈ ਵੰਨਗੀਆਂ ਤੇ ਹੋਰ ਮਾਡਲਾਂ ਨੂੰ ਵੇਚਣ ਤੇ ਇਨ੍ਹਾਂ ਦੀ ਵਰਤੋਂ ਉੱਤੇ ਪਾਬੰਦੀ ਲਾ ਦਿੱਤੀ ਗਈ ਸੀ।

ਪਬਲਿਕ ਸੇਫਟੀ ਕੈਨੇਡਾ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਸੀ ਕਿ ਅਜਿਹੇ ਹਥਿਆਰ ਰੱਖਣ ਵਾਲੇ ਵਿਅਕਤੀਆਂ ਦਾ ਬਾਇਬੈਕ ਪ੍ਰੋਗਰਾਮ ਵਿੱਚ ਹਿੱਸਾ ਲੈਣਾ ਲਾਜ਼ਮੀ ਹੈ। ਫਿਰ ਭਾਵੇਂ ਉਨ੍ਹਾਂ ਦੇ ਅਸਾਲਟ ਸਟਾਈਲ ਹਥਿਆਰ ਨੂੰ ਸਰਕਾਰੀ ਖਰਚੇ ਉੱਤੇ ਜਾਂ ਕਾਨੂੰਨੀ ਢੰਗ ਨਾਲ ਖ਼ਤਮ ਕੀਤਾ ਜਾਵੇ। ਹੇਠਾਂ ਪਾਬੰਦੀਸ਼ੁਦਾ ਹਥਿਆਰਾਂ ਦੀਆਂ 11 ਵੰਨਗੀਆਂ ਤੇ ਸਰਕਾਰ ਵੱਲੋਂ ਉਨ੍ਹਾਂ ਉੱਤੇ ਦਿੱਤੇ ਜਾਣ ਵਾਲੇ ਮੁਆਵਜ਼ੇ ਦੀ ਲਿਸਟ ਦਿੱਤੀ ਜਾ ਰਹੀ ਹੈ :

AR Platform firearms such as the M16, AR-10 and ...ਬਾਕੀ ਪੰਨਾ 6 'ਤੇ


AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL
Insurance Advisor
416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance


## ਸਟਾਫ ਦੀ ਘਾਟ ਕਾਰਨ ਓਨਟਾਰੀਓ ਦੇ ਹਸਪਤਾਲ ਨੇ ਆਈਸੀਯੂ ਕੀਤਾ ਬੰਦ



ਓਨਟਾਰੀਓ, 28 ਜੁਲਾਈ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਦੇ ਇੱਕ ਹੋਰ ਹਸਪਤਾਲ ਨੂੰ ਸਟਾਫ ਤੇ ਨਰਸਾਂ ਦੀ ਘਾਟ ਨਾਲ ਸਿੱਝਣਾ ਪੈ ਰਿਹਾ ਹੈ।

ਦਰਹਾਮ ਦੇ ਲੇਕਰਿੱਜ ਹੈਲਥ ਨੂੰ ਆਪਣੇ ਬੋਮਨਵਿੱਲ, ਓਨਟਾਰੀਓ ਹਸਪਤਾਲ ਦੇ ਇੰਟੈਂਸਿਵ ਕੇਅਰ ਯੂਨਿਟ ਨੂੰ ਸਟਾਫ ਦੀ ਘਾਟ ਦੇ ਚੱਲਦਿਆਂ ਬੰਦ ਕਰਨਾ ਪੈ ਰਿਹਾ ਹੈ। ਇੱਥੋਂ ਦੇ ਇੱਕ ਨੁਮਾਇੰਦੇ ਨੇ ਦੱਸਿਆ ਕਿ ਓਨਟਾਰੀਓ ਦੇ ਕਈ ...ਬਾਕੀ ਪੰਨਾ 6 'ਤੇ


GURBIR CHAHAL
416.566.7605
gurbir.chahal@yahoo.com
ROYAL LEPAGE Flower City Realty

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com








HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598








ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




## 1989 ਤੋਂ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਨਾਲ ਨਜਿੱਠਣ ਲਈ ਹਾਕੀ ਕੈਨੇਡਾ ਅਦਾ ਕਰ ਚੁੱਕੀ ਹੈ 7.6 ਮਿਲੀਅਨ ਡਾਲਰ

ਓਟਵਾ, 28 ਜੁਲਾਈ (ਪੋਸਟ ਬਿਊਰੋ) : ਹਾਕੀ ਕੈਨੇਡਾ ਦੇ ਚੀਫ ਫਾਇਨਾਂਸ਼ੀਅਲ ਆਫੀਸਰ ਨੇ ਦੱਸਿਆ ਕਿ 1989 ਤੋਂ ਲੈ ਕੇ 9 ਸੈਟਲਮੈਂਟਸ ਵਿੱਚ ਗਵਰਨਿੰਗ ਬਾਡੀ ਨੇ 7.6 ਮਿਲੀਅਨ ਡਾਲਰ ਅਦਾ ਕੀਤੇ ਹਨ। ਇਨ੍ਹਾਂ ਵਿੱਚੋਂ ਸੱਭ ਤੋਂ ਵੱਧ ਰਕਮ ਜਿਨਸੀ ਸ਼ੋਸ਼ਕ ਗ੍ਰਾਹਮ ਜੇਮਜ਼ ਦੇ ਪੀੜਤਾਂ ਨੂੰ ਚੁਕਾਈ ਗਈ।



ਇਹ ਖੁਲਾਸਾ ਜਿਨਸੀ ਹਮਲੇ ਦੇ ਦੋਸ਼ਾਂ ਨੂੰ ਗਵਰਨਿੰਗ ਬਾਡੀ ਵੱਲੋਂ ਕਿਸ ਤਰ੍ਹਾਂ ਸਾਂਭਿਆ ਜਾਂਦਾ ਰਿਹਾ ਹੈ, ਇਸ ਬਾਰੇ ਹਾਊਸ ਆਫ ਕਾਮਨਜ਼ ਦੀ ਹੈਰੀਟੇਜ ਕਮੇਟੀ ਦੀ ਚੱਲ ਰਹੀ ਜਾਂਚ ਦੌਰਾਨ ਹੋਇਆ। ਜ਼ਿਕਰਯੋਗ ਹੈ ਕਿ ਜੇਮਜ਼ ਨੂੰ 1980ਵਿਆਂ ਦੇ ਅਖੀਰ ਤੇ 90ਵਿਆਂ ਦੇ ਸ਼ੁਰੂ ਵਿੱਚ ਵੈਸਟਰਨ ਹਾਕੀ ਲੀਗ ਦੇ ਸਵਿਫਟ ਕਰੰਟ ਬ੍ਰੌਂਕੋਸ ਦੇ ਆਪਣੇ ਛੇ ਸਾਬਕਾ ਖਿਡਾਰੀਆਂ ਉੱਤੇ ਜਿਨਸੀ ਹਮਲਾ ਕਰਨ ਦੇ ਮਾਮਲੇ ਵਿੱਚ ਦੋਸ਼ੀ ਪਾਇਆ ਗਿਆ ਸੀ।

ਮਈ ਵਿੱਚ ਇਹ ਖਬਰ ਸਾਹ-ਮਣੇ ਆਉਣ ਤੋਂ ਬਾਅਦ ਹਾਕੀ ਕੈਨੇਡਾ ਦੀ ਕਾਫੀ ਨੁਕਤਾਚੀਨੀ ਹੋ ਰਹੀ ਸੀ ਕਿ 2018 ਦੀ ਵਰਲਡ ਜੂਨੀਅਰ ਟੀਮ ਦੇ ਮੈਂਬਰਾਂ ਵੱਲੋਂ ਲੰਡਨ, ਓਨਟਾਰੀਓ ਵਿੱਚ ਇੱਕ ਗਾਲਾ ਈਵੈਂਟ ਦੌਰਾਨ ਜਿਨਸੀ ਹਮਲਾ ਕੀਤਾ ਸੀ। ਇਸ ਮਾਮਲੇ ਵਿੱਚ ਪੁਲਿਸ ਵੱਲੋਂ ਕੋਈ ਚਾਰਜਿਜ਼ ਨਹੀਂ ਸਨ ਲਾਏ ਗਏ, ਪਰ ਇਸ ਹਮਲੇ ਦੀ ਸ਼ਿਕਾਇਤ ਕਰਨ ਵਾਲੀ ਮਹਿਲਾ ਵੱਲੋਂ ਹਾਕੀ ਕੈਨੇਡਾ, ਕੈਨੇਡੀਅਨ ਹਾਕੀ ਲੀਗ ਤੇ ਕਈ ਖਿਡਾਰੀਆਂ ਉੱਤੇ ਮੁਕੱਦਮਾ ਦਰਜ ਕਰਵਾ ਦਿੱਤਾ ਸੀ।

ਇਹ ਵੀ ਪਤਾ ਲੱਗਿਆ ਸੀ ਕਿ ਹਾਕੀ ਕੈਨੇਡਾ ਨੇ ਅਣਦੱਸੀ ਰਕਮ ਦੇ ਕੇ ਇਸ ਮਾਮਲੇ ਨੂੰ ਬਾਹਰੋ ਬਾਹਰ ਹੀ ਰਫਾ-ਦਫਾ ਕਰ ਦਿੱਤਾ ਸੀ। ਹੁਣ ਕਮੇਟੀ ਵਿੱਚ ਸ਼ਾਮਲ ਐਮਪੀਜ਼ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਨ੍ਹਾਂ ਦੋਸ਼ਾਂ ਤੇ ਮੁਕੱਦਮੇਂ ਨਾਲ ਹਾਕੀ ਕੈਨੇਡਾ ਨੇ ਕਿਵੇਂ ਨਜਿੱਠਿਆ ਸੀ।

## ਮਹਿਲਾ ਤੇ ਟੀਨੇਜਰ ’ਤੇ ਹਮਲਾ ਕਰਨ ਵਾਲੇ ਆਰਸੀਐਮਪੀ ਅਧਿਕਾਰੀ ਨੂੰ ਪੁਲਿਸ ਨੇ ਮਾਰੀ ਗੋਲੀ




ਕਿਊਬਿਕ, 28 ਜੁਲਾਈ (ਪੋਸਟ ਬਿਊਰੋ) : ਕਿਊਬਿਕ ਪੁਲਿਸ ਵੱਲੋਂ ਬੁੱਧਵਾਰ ਨੂੰ ਇੱਕ ਆਰਸੀਐਮਪੀ ਅਧਿਕਾਰੀ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਆਰਸੀਐਮਪੀ ਅਧਿਕਾਰੀ ਉੱਤੇ ਸੇਂਟ ਜੀਨ ਸੁਰ ਰਿਚੇਲਿਊ ਸਥਿਤ ਆਪਣੇ ਘਰ ਵਿੱਚ ਇੱਕ ਮਹਿਲਾ ਤੇ ਟੀਨੇਜਰ ਉੱਤੇ ਕਥਿਤ ਤੌਰ ਉੱਤੇ ਹਮਲਾ ਕਰਨ ਦਾ ਦੋਸ਼ ਸੀ।

ਇਸ ਮਾਮਲੇ ਦੀ ਜਾਂਚ ਕਿਊਬਿਕ ਬਿਊਰੋ ਆਫ ਇਨਵੈਸਟੀਗੇਸ਼ਨ (ਬੀਈਆਈ) ਵੱਲੋਂ ਕੀਤੀ ਜਾ ਰਹੀ ਹੈ। ਬੀਈਆਈ ਅਨੁਸਾਰ ਸੇਂਟ ਜੀਨ ਸੁਰ ਰਿਚੇਲਿਊ ਪੁਲਿਸ (ਐਸਜੇਐਸਆਰ) ਨੂੰ ਤੜਕੇ 2:05 ਉੱਤੇ 911 ਕਾਲ ਆਈ। ਇਹ ਕਾਲ ਇੱਕ ਵਿਅਕਤੀ ਵੱਲੋਂ ਕੀਤੀ ਗਈ ਸੀ ਤੇ ਉਸ ਨੇ ਦੱਸਿਆ ਕਿ ਉਸ ਤੋਂ ਵੱਡੀ ਗੜਬੜ ਹੋ ਗਈ ਹੈ। ਜਦੋਂ ਪੁਲਿਸ ਬਾਇਟ ਸਟਰੀਟ ਉੱਤੇ ਸਥਿਤ ਘਰ ਪਹੁੰਚੀ ਤਾਂ ਇੱਕ ਵਿਅਕਤੀ, ਜੋ ਕਿ ਆਰਸੀਐਮਪੀ ਅਧਿਕਾਰੀ ਸੀ, ਹੱਥ ਵਿੱਚ ਚਾਕੂ ਲਈ ਖੜ੍ਹਾ ਸੀ। ਪੁਲਿਸ ਅਧਿਕਾਰੀਆਂ ਵੱਲੋਂ ਗੋਲੀ ਚਲਾਈ ਗਈ ਤੇ 48 ਸਾਲਾ ਇਹ ਵਿਅਕਤੀ ਜ਼ਖ਼ਮੀ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ।

ਘਰ ਦੇ ਅੰਦਰੋਂ ਪੁਲਿਸ ਨੂੰ ਇੱਕ ਮਹਿਲਾ ਤੇ ਟੀਨੇਜਰ ਮਿਲੇ, ਜੋ ਬੁਰੀ ਤਰ੍ਹਾਂ ਜ਼ਖ਼ਮੀ ਸਨ। ਉਨ੍ਹਾਂ ਨੂੰ ਵੀ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਗੁਆਂਢੀਆਂ ਨੇ ਦੱਸਿਆ ਕਿ ਉਹ ਬਹੁਤ ਵਧੀਆ ਪਰਿਵਾਰ ਸੀ। ਉਹ ਚੰਗੇ ਲੋਕ ਸਨ। ਇਹ ਸਾਰਾ ਕੁੱਝ ਉਨ੍ਹਾਂ ਦੇ ਘਰ ਵਾਪਰੇਗਾ ਇਸ ਦਾ ਕੋਈ ਅੰਦਾਜ਼ਾ ਵੀ ਨਹੀਂ ਸੀ ਲਗਾ ਸਕਦਾ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਜ਼ਮੀਨ ਬਦਲੇ ਨੌਕਰੀ ਦੇਣ ਦੇ ਘੋਟਾਲੇ ਵਿੱਚ ਲਾਲੂ ਦਾ ਸਾਬਕਾ ਓ ਐਸ ਡੀ ਗ੍ਰਿਫਤਾਰ

ਨਵੀਂ ਦਿੱਲੀ, 28 ਜੁਲਾਈ (ਪੋਸਟ ਬਿਊਰੋ)- ਸੀ ਬੀ ਆਈ ਨੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਦੇ ਸਹਿਯੋਗੀ ਭੋਲਾ ਯਾਦਵ ਨੂੰ ਰੇਲਵੇ ਵਿੱਚ ‘ਜ਼ਮੀਨ ਬਦਲੇ ਨੌਕਰੀ’ ਘੋਟਾਲੇ ਦੇ ਸਿਲਸਿਲੇ ਵਿੱਚ ਗ੍ਰਿਫਤਾਰ ਕੀਤਾ ਹੈ। ਲਾਲੂ ਪ੍ਰਸ਼ਾਦ ਜਦ ਯੂ ਪੀ ਏ ਸਰਕਾਰ ਵਿੱਚ ਰੇਲ ਮੰਤਰੀ ਸੀ, ਓਦੋਂ ਇਹ ਘੋਟਾਲਾ ਹੋਇਆ ਸੀ।

ਕੱਲ੍ਹ ਏਥੇ ਅਧਿਕਾਰੀਆਂ ਨੇ ਦੱਸਿਆ ਕਿ ਸੀ ਬੀ ਆਈ ਨੇ ਯਾਦਵ ਦੇ ਚਾਰ ਕੰਪਲੈਕਸਾਂ ਵਿੱਚ ਛਾਪੇਮਾਰੇ ਹਨ, ਜਿਨ੍ਹਾਂ ਵਿੱਚ ਦਰਭੰਗਾ ਅਤੇ ਪਟਨਾ ਦੇ ਦੋ-ਦੋ ਕੰਪਲੈਕਸ ਹਨ। ਭੋਲਾ ਯਾਦਵ 2005 ਅਤੇ 2009 ਦੌਰਾਨ ਓਦੋਂ ਦੇ ਰੇਲ ਮੰਤਰੀ ਲਾਲੂ ਪ੍ਰਸਾਦ ਦੇ ਵਿਸ਼ੇਸ਼ ਕਾਰਜ ਅਧਿਕਾਰੀ (ਓ ਐਸ ਡੀ) ਸਨ। ਉਸ ਨੂੰ ਰਾਸ਼ਟਰੀ ਜਨਤਾ ਦਲ ਸਮਰਥਕਾਂ ਵਿੱਚ ਲਾਲੂ ਪ੍ਰਸਾਦ ਦੇ ‘ਹਨੂਮਾਨ’ ਜਾਂ ‘ਪ੍ਰਛਾਵੇਂ’ ਵਜੋਂ ਜਾਣਿਆ ਜਾਂਦਾ ਹੈ। ਸੀ ਬੀ ਈ ਨੇ ਭੋਲਾ ਯਾਦਵ ਤੋਂ ਇਸਦੀ ਪੁੱਛਗਿੱਛ ਕੀਤੀ ਸੀ। ਇਸ ਘੋਟਾਲੇ ਵਿੱਚ ਨੌਕਰੀ ਦੇ ਚਾਹਵਾਨ ਉਮੀਦਵਾਰਾਂ ਦੇ ਪਰਵਾਰਾਂ ਤੋਂ ਪਟਨਾ ਵਿੱਚ ਇੱਕ ਲੱਖ ਵਰਗ ਫੁੱਟ ਤੋਂ ਵੱਧ ਜ਼ਮੀਨ ਰੇਲਵੇ ਵਿੱਚ ਗਰੁੱਪ-ਡੀ ਦੀਆਂ ਨੌਕਰੀਆਂ ਦੇ ਬਦਲੇ ਲਾਲੂ ਪ੍ਰਸਾਦ ਦੇ ਪਰਵਾਰ ਦੇ ਮੈਂਬਰਾਂ ਦੇ ਨਾਂਅ ਖਰੀਦੀ ਗਈ ਜਾਂ ਉਸ ਨੂੰ ਟਰਾਂਸਫਰ ਕੀਤਾ ਗਿਆ ਸੀ। ਇਸ ਵਿੱਚ ਸੀ ਬੀ ਆਈ ਨੂੰ ਸ਼ੱਕ ਹੈ ਕਿ ਭੋਲਾ ਯਾਦਵ ਨੇ ਨੌਕਰੀ ਦਿਵਾਉਣ ਪਿੱਛੋਂ ਲਾਲੂ ਪ੍ਰਸਾਦ ਦੇ ਪਰਵਾਰ ਨੂੰ ਜ਼ਮੀਨ ਦਿਵਾਉਂਦਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸੀ ਬੀ ਆਈ ਨੇ 18 ਮਈ ਨੂੰ ਲਾਲੂ ਪ੍ਰਸਾਦ, ਉਸ ਦੀ ਪਤਨੀ ਰਾਬੜੀ ਦੇਵੀ, ਬੇਟੀਆਂ ਮੀਸਾ ਭਾਰਤੀ ਅਤੇ ਹੇਮਾ ਯਾਦਵ ਦੇ ਨਾਲ ਮੁੰਬਈ, ਜਬਲਪੁਰ, ਕੋਲਕਾਤਾ, ਜੈਪੁਰ ਅਤੇ ਹਾਜੀਪੁਰ ਦੇ ਰੇਲਵੇ ਜ਼ੋਨ ਵਿੱਚ ਨੌਕਰੀ ਲੈਣ ਵਾਲੇ 12 ਲੋਕਾਂ ਦੇ ਖਿਲਾਫ ਕੇਸ ਦਰਜ ਕੀਤਾ ਸੀ। ਏਜੰਸੀ ਨੇ ਦੋਸ਼ ਲਾਇਆ ਹੈ ਕਿ ਪਟਨਾ ਵਿੱਚ ਕਰੀਬ 1.05 ਲੱਖ ਵਰਗ ਫੁੱਟ ਜ਼ਮੀਨ ਲਾਲੂ ਪ੍ਰਸਾਦ ਦੇ ਪਰਵਾਰ ਦੇ ਮੈਂਬਰਾਂ ਨੇ ਵਿਕਰੇਤਾਵਾਂ ਨੂੰ ਨਕਦ ਭੁਗਤਾਨ ਕਰ ਕੇ ਕਬਜ਼ਾ ਕੀਤਾ ਸੀ।



# ਪੌਲੀਏਵਰ ਦੇ ਹੱਕ ਵਿਚ ਨਿੱਤਰੇ ਹਾਰਪਰ

ਓਟਵਾ, 28 ਜੁਲਾਈ (ਪੋਸਟ ਬਿਊਰੋ) : ਸਾਬਕਾ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਵੱਲੋਂ ਪਾਰਟੀ ਦੇ ਅਗਲੇ ਆਗੂ ਵਜੋਂ ਪਿਏਰ ਪੌਲੀਏਵਰ ਦੀ ਹਮਾਇਤ ਕੀਤੀ ਗਈ ਹੈ।

ਪਾਰਟੀ ਪਾਲੀਟਿਕਸ ਬਾਰੇ ਗੱਲ ਕਰਦਿਆਂ ਹਾਰਪਰ ਵੱਲੋਂ ਟਵਿੱਟਰ ਉੱਤੇ ਇੱਕ ਨਿੱਕੀ ਜਿਹੀ ਵੀਡੀਓ ਪਾਈ ਗਈ ਹੈ ਜਿਸ ਵਿੱਚ ਉਹ ਪੌਲੀਏਵਰ ਨੂੰ ਸਮਰਥਨ ਦੇਣ ਦੀ ਗੱਲ ਕਰ ਰਹੇ ਹਨ। ਇਸ ਵੀਡੀਓ ਵਿੱਚ ਉਨ੍ਹਾਂ ਆਖਿਆ ਕਿ ਪਾਰਟੀ ਦੀ ਅਗਵਾਈ ਲਈ ਮੁਕਾਬਲਾ ਭਾਵੇਂ ਫਸਵਾਂ ਹੈ ਪਰ ਇਨ੍ਹਾਂ ਸਾਰੇ ਉਮੀਦਵਾਰਾਂ ਵਿੱਚੋਂ ਇੱਕ ਬਿਹਤਰ ਹੈ ਤੇ ਉਹ ਹੈ ਪੌਲੀਏਵਰ।

ਸਾਬਕਾ ਪ੍ਰਧਾਨ ਮੰਤਰੀ ਨੇ ਆਖਿਆ ਕਿ 2015 ਵਿੱਚ ਲਿਬਰਲ ਆਗੂ ਜਸਟਿਨ ਟਰੂਡੋ ਵੱਲੋਂ ਹਰਾਏ ਜਾਣ ਤੋਂ ਪਹਿਲਾਂ ਜਦੋਂ ਉਹ ਸੱਤਾ ਵਿੱਚ ਸਨ ਤਾਂ ਪੌਲੀਏਵਰ ਨੇ



ਉਨ੍ਹਾਂ ਦੀ ਅਗਵਾਈ ਵਿੱਚ ਬਿਹਤਰੀਨ ਮੰਤਰੀ ਵਜੋਂ ਕੰਮ ਕੀਤਾ ਸੀ। ਹਾਰਪਰ ਦਾ ਕਹਿਣਾ ਹੈ ਕਿ ਪੌਲੀਏਵਰ ਨੇ ਪਿਛਲੇ ਕੁੱਝ ਸਾਲਾਂ ਵਿੱਚ ਵਿਰੋਧੀ ਧਿਰ ਵਿੱਚ ਰਹਿੰਦਿਆਂ ਵੀ ਸੱਭ ਤੋਂ ਪ੍ਰਭਾਵਸ਼ਾਲੀ ਕ੍ਰਿਟਿਕ ਦੀ ਭੂਮਿਕਾ ਨਿਭਾਈ ਹੈ।

ਉਨ੍ਹਾਂ ਆਖਿਆ ਕਿ ਪੌਲੀਏਵਰ ਨੇ ਆਰਥਿਕ ਮਸਲਿਆਂ ਜਿਵੇਂ ਕਰਜ਼ੇ ਤੇ ਮਹਿੰਗਾਈ ਨੂੰ ਹੱਲ ਕਰਨ ਬਾਰੇ ਵੀ ਗੱਲ ਕੀਤੀ ਹੈ ਤੇ ਇਨ੍ਹਾਂ ਮਸਲਿਆਂ ਦੇ ਅਜਿਹੇ ਹੱਲ ਪੇਸ਼ ਕੀਤੇ ਹਨ ਜਿਹੜੇ ਕੰਜ਼ਰਵੇਟਿਵ ਵਿਚਾਰਾਂ ਮੁਤਾਬਕ ਢੁਕਵੇਂ ਹਨ।

# ਰੌਜਰਜ਼ ਦੀਆਂ ਸੇਵਾਵਾਂ ਵਿਚ ਪਏ ਵਿਘਨ ਬਾਰੇ ਸੁਣਵਾਈ ਕਰੇਗੀ ਹਾਊਸ ਆਫ ਕਾਮਨਜ਼ ਕਮੇਟੀ

ਓਟਵਾ, 28 ਜੁਲਾਈ (ਪੋਸਟ ਬਿਊਰੋ): ਰੌਜਰਜ਼ ਦੀਆਂ ਸੇਵਾਵਾਂ 15 ਘੰਟੇ ਲਈ ਠੱਪ ਹੋਣ ਦੇ ਮਾਮਲੇ ਵਿੱਚ ਅੱਜ ਹਾਊਸ ਆਫ ਕਾਮਨਜ਼ ਦੀ ਇੰਡਸਟਰੀ ਕਮੇਟੀ ਵੱਲੋਂ ਦੋ ਸੁਣਵਾਈਆਂ ਕੀਤੀਆਂ ਜਾਣਗੀਆਂ। ਰੌਜਰਜ਼ ਦੀਆਂ ਸੇਵਾਵਾਂ ਵਿੱਚ ਬੀਤੇ ਦਿਨੀਂ ਆਈ ਇਸ ਦਿੱਕਤ ਕਾਰਨ ਕਈ ਮਿਲੀਅਨ ਕੈਨੇਡੀਅਨਜ਼ ਦਾ ਸੰਚਾਰ ਹੋਰਨਾਂ ਥਾਂਵਾਂ ਨਾਲੋਂ ਟੁੱਟ ਗਿਆ ਸੀ।

8 ਜੁਲਾਈ ਨੂੰ ਰੌਜਰਜ਼ ਦੀਆਂ ਮੋਬਾਈਲ ਤੇ ਇੰਟਰਨੈੱਟ ਸੇਵਾਵਾਂ ਬੰਦ ਹੋਣ ਕਾਰਨ ਇਸ ਦੇ ਕਸਟਮਰਜ਼ ਲਈ ਏਟੀਐਮ ਸੇਵਾਵਾਂ, ਬੈਂਕਿੰਗ ਸਿਸਟਮ ਤੇ ਕਈ ਕੈਨੇਡੀਅਨ ਸ਼ਹਿਰਾਂ ਵਿੱਚ 911 ਉੱਤੇ ਕੀਤੀ ਜਾਣ ਵਾਲੀ ਐਮਰਜੰਸੀ ਕਾਲ ਦੀ ਸਹੂਲਤ ਤੱਕ ਠੱਪ ਪੈ ਗਈ ਸੀ। ਕਮੇਟੀ ਵੱਲੋਂ 15




ਜੁਲਾਈ ਨੂੰ ਐਮਰਜੰਸੀ ਮੀਟਿੰਗ ਕੀਤੀ ਗਈ ਤੇ ਸਰਬਸੰਮਤੀ ਨਾਲ ਇਸ ਮਾਮਲੇ ਦੀ ਜਾਂਚ ਕਰਨ ਲਈ ਵੋਟ ਕੀਤਾ ਗਿਆ।

ਰੌਜਰਜ਼ ਦੇ ਐਗਜ਼ੈਕਟਿਵਜ਼, ਇਨੋਵੇਸ਼ਨ ਮੰਤਰੀ ਫਰੈਂਕੌਇਸ-ਫਿਲਿਪ ਸ਼ੈਂਪੇਨ ਤੇ ਕੈਨੇਡੀਅਨ ਟੈਲੀਵਿਜ਼ਨ ਐਂਡ ਟੈਲੀਕਮਿਊਨਿਕੇਸ਼ਨਜ਼ ਕਮਿਸ਼ਨ ਦੇ ਅਧਿਕਾਰੀ ਇਸ ਸੁਣਵਾਈ ਵਿੱਚ ਹਿੱਸਾ ਲੈਣਗੇ। ਕਮੇਟੀ ਇਸ ਤਰ੍ਹਾਂ ਦੀ ਗੜਬੜੀ ਦੇ ਕਾਰਨਾਂ, ਇਸ ਕਾਰਨ ਪਏ ਪ੍ਰਭਾਵ ਦਾ ਪਤਾ ਲਾਉਣਾ ਚਾਹੁੰਦੀ ਹੈ ਤੇ ਇਸ ਦੇ ਨਾਲ ਹੀ ਭਵਿੱਖ ਵਿੱਚ ਇਸ ਤਰ੍ਹਾਂ ਦੀ ਗੜਬੜ ਨਾ ਹੋਵੇ ਇਹ ਵੀ ਯਕੀਨੀ ਬਣਾਉਣਾ ਚਾਹੁੰਦੀ ਹੈ।

ਜ਼ਿਕਰਯੋਗ ਹੈ ਕਿ ਇਸ ਗੜਬੜੀ ਤੋਂ ਬਾਅਦ ਸ਼ੈਂਪੇਨ ਨੇ ਕੈਨੇਡਾ ਦੀਆਂ ਵੱਡੀਆਂ ਟੈਲੀਕੌਮ ਕੰਪਨੀਆਂ ਨੂੰ ਇਸ ਤਰ੍ਹਾਂ ਦੀ ਗੜਬੜੀ ਦੌਰਾਨ ਇੱਕ ਦੂਜੇ ਦੀ ਮਦਦ ਲਈ ਅੱਗੇ ਆਉਣ ਦੀ ਹਦਾਇਤ ਕੀਤੀ ਸੀ। ਇਸ ਤੋਂ ਇਲਾਵਾ ਐਮਰਜੰਸੀਜ਼ ਦੌਰਾਨ ਕੈਨੇਡੀਅਨਜ਼ ਨੂੰ ਬਿਹਤਰ ਸੂਚਿਤ ਕਰਨ ਲਈ ਕਮਿਊਨਿਕੇਸ਼ਨ ਪ੍ਰੋਟੋਕਾਲ ਅਪਨਾਉਣ ਲਈ ਵੀ ਆਖਿਆ ਗਿਆ ਸੀ।

# ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਵਿੱਚ ਚਰਚ ਵੱਲੋਂ ਨਿਭਾਈ ਭੂਮਿਕਾ ਲਈ ਪੋਪ ਨੇ ਮੰਗੀ ਮੁਆਫੀ

ਐਡਮੰਟਨ, 28 ਜੁਲਾਈ (ਪੋਸਟ ਬਿਊਰੋ) : ਕੈਨੇਡਾ ਦੇ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਵਿੱਚ ਰੋਮਨ ਕੈਥੋਲਿਕ ਚਰਚ ਵੱਲੋਂ ਨਿਭਾਈ ਗਈ ਭੂਮਿਕਾ ਲਈ ਪੋਪ ਫਰਾਂਸਿਸ ਵੱਲੋਂ ਡੂੰਘੇ ਦਰਦ ਤੇ ਪਛਤਾਵੇ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇਹ ਸੱਭ ਦੁਖਦਾਈ ਰਿਹਾ।

ਉਨ੍ਹਾਂ ਆਖਿਆ ਕਿ ਸੱਤਾ ਦੀ ਬਸਤੀਵਾਦੀ ਸੋਚ, ਜਿਸ ਦਾ ਕਈ ਇਸਾਈਆਂ ਵੱਲੋਂ ਸਮਰਥਨ ਕੀਤਾ ਗਿਆ ਤੇ ਜਿਸ ਕਾਰਨ ਮੂਲਵਾਸੀ ਲੋਕਾਂ ਨੂੰ ਦਬਾਇਆ ਗਿਆ, ਲਈ ਉਹ ਮੁਆਫੀ ਮੰਗਦੇ ਹਨ। ਉਨ੍ਹਾਂ ਆਖਿਆ ਕਿ ਚਰਚ ਦੇ ਕਈ ਮੈਂਬਰਾਂ ਤੇ ਧਾਰਮਿਕ ਕਮਿਊਨਿਟੀਜ਼ ਵੱਲੋਂ ਇਸ ਤਰ੍ਹਾਂ ਦੀ ਸੋਚ ਲਈ ਸਹਿਯੋਗ ਦੇਣ ਵਾਲਿਆਂ ਬਦਲੇ ਉਹ ਮੁਆਫੀ ਮੰਗਦੇ ਹਨ।

ਪੋਪ ਵੱਲੋਂ ਇੰਡੀਜੀਨਸ ਰੈਜ਼ੀਡੈਂਸ਼ੀਅਲ ਸਕੂਲ ਸਰਵਾਈਵਰਜ਼ ਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਇਹ ਇਤਿਹਾਸਕ ਮੁਆਫੀ ਉਸ ਸਮੇਂ ਮੰਗੀ ਗਈ ਜਦੋਂ



ਉਨ੍ਹਾਂ ਸੋਮਵਾਰ ਨੂੰ ਐਡਮੰਟਨ ਦੇ ਦੱਖਣ ਵੱਲ ਮਾਸਕਵਾਸਿਸ ਅਲਬਰਟਾ ਵਿੱਚ ਅਰਮੀਨੇਸਕਿਨ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਦੀ ਪੁਰਾਣੀ ਸਾਈਟ ਉੱਤੇ ਫਰਸਟ ਨੇਸ਼ਨਜ਼, ਇਨੁਇਟ ਤੇ ਮੈਟਿਸ ਲੋਕਾਂ ਨਾਲ ਮੁਲਾਕਾਤ ਕੀਤੀ। ਪੋਪ ਨੇ ਆਖਿਆ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਨੇ ਨਾ ਸਿਰਫ ਮੂਲਵਾਸੀ ਲੋਕਾਂ ਦੀਆਂ ਭਾਸ਼ਾਵਾਂ ਤੇ ਸੱਭਿਆਚਾਰ ਨੂੰ ਦਬਾਉਣ ਦੀ ਹੀ ਕੋਸ਼ਿਸ਼ ਕੀਤੀ ਸਗੋਂ ਇਨ੍ਹਾਂ ਮੂਲਵਾਸੀ ਲੋਕਾਂ ਨੂੰ ਅਜਿਹੇ ਜ਼ਖ਼ਮ ਦਿੱਤੇ ਜਿਹੜੇ ਅਜੇ ਵੀ ਤਾਜ਼ਾ ਹਨ ਤੇ ਜਿਨ੍ਹਾਂ ਦਾ ਦਰਦ ਅੱਜ ਵੀ ਮਹਿਸੂਸ ਹੁੰਦਾ ਹੈ।

ਉਨ੍ਹਾਂ ਆਖਿਆ ਕਿ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਮੂਲਵਾਸੀ ਲੋਕਾਂ ਲਈ ਤਬਾਹਕੁੰਨ ਸੀ ਤੇ ਬੱਜਰ ਗਲਤੀ ਸੀ। ਪੋਪ ਨੇ ਆਖਿਆ ਕਿ ਮੂਲਵਾਸੀ ਲੋਕਾਂ ਖਿਲਾਫ ਕਈ ਇਸਾਈਆਂ ਵੱਲੋਂ ਕੀਤੀਆਂ ਗਈਆਂ ਇਨ੍ਹਾਂ ਵਧੀਕੀਆਂ ਲਈ ਉਹ ਮੁਆਫੀ ਮੰਗਦੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਇੰਡੀਜੀਨਸ ਲੋਕਾਂ ਨਾਲ ਸੁਲ੍ਹਾ ਕਰਨ ਦੇ ਇਰਾਦੇ ਨਾਲ ਪੋਪ ਫਰਾਂਸਿਸ ਛੇ ਰੋਜ਼ਾ ਦੌਰੇ ਉੱਤੇ ਐਤਵਾਰ ਨੂੰ ਕੈਨੇਡਾ ਪਹੁੰਚੇ ਹਨ।

# ਟੋਰਾਂਟੋ ਵਿਚ ਹੋਰ ਉਲਝ ਸਕਦਾ ਹੈ ਹੈਲਥਕੇਅਰ ਸਟਾਫ ਦੀ ਘਾਟ ਦਾ ਮਾਮਲਾ

ਓਨਟਾਰੀਓ, 28 ਜੁਲਾਈ (ਪੋਸਟ ਬਿਊਰੋ) :ਓਨਟਾਰੀਓ ਨਰਸਿਜ਼ ਯੂਨੀਅਨ ਦਾ ਕਹਿਣਾ ਹੈ ਕਿ ਟੋਰਾਂਟੋ ਵਿੱਚ ਹੈਲਥਕੇਅਰ ਸਟਾਫ ਦੀ ਘਾਟ ਦਾ ਮਾਮਲਾ ਹੋਰ ਉਲਝ ਸਕਦਾ ਹੈ। ਜ਼ਿਕਰਯੋਗ ਹੈ ਕਿ ਸਿਟੀ ਦੇ ਹੌਸਪਿਟਲ ਨੈੱਟਵਰਕ ਨੂੰ ਵੀਕੈਂਡ ਉੱਤੇ ਐਮਰਜੰਸੀ ਸੇਵਾਵਾਂ ਨੂੰ ਚੱਲਦਾ ਰੱਖਣ ਲਈ ਨਰਸਿੰਗ ਸਟੂਡੈਂਟਸ ਤੇ ਮੈਡੀਕਲ ਰੈਜ਼ੀਡੈਂਟਸ ਦੀ ਮਦਦ ਲੈਣੀ ਪਈ।

ਸੋਮਵਾਰ ਨੂੰ ਯੂਨੀਵਰਸਿਟੀ ਹੈਲਥ ਨੈੱਟਵਰਕ ਨੇ ਆਖਿਆ ਕਿ ਵੀਕੈਂਡ ਉੱਤੇ ਉਨ੍ਹਾਂ ਨੂੰ ਸਟਾਫ ਦੀ ਘਾਟ ਕਾਰਨ ਕਾਫੀ ਕਸੂਤੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਤੇ ਐਮਰਜੰਸੀ ਰੂਮ ਲਈ ਉਨ੍ਹਾਂ ਨੂੰ ਵੱਖ ਵੱਖ ਯੂਨਿਟਸ ਤੋਂ ਮੈਡੀਕਲ ਰੈਜ਼ੀਡੈਂਟਸ, ਪਰਸਨਲ ਸਪੋਰਟ ਵਰਕਰਜ਼ ਤੇ ਨਰਸਿੰਗ ਸਟੂਡੈਂਟਸ ਤੱਕ ਲਾਉਣੇ ਪਏ। ਯੂਐਚਐਨ ਨੇ ਇਹ ਵੀ ਆਖਿਆ ਕਿ ਇਨ ਪੇਸ਼ੈਂਟ ਯੂਨਿਟਸ ਨੂੰ ਜਲਦ ਤੋਂ ਜਲਦ ਡਿਸਚਾਰਜ ਕਰਨਾ ਪਿਆ ਤੇ ਈਆਰ ਤੋਂ ਮਰੀਜ਼ਾਂ ਨੂੰ ਵਾਰਡਜ਼ ਵਿੱਚ ਸ਼ਿਫਟ ਕੀਤਾ ਗਿਆ।

ਓਨਟਾਰੀਓ ਨਰਸਿਜ਼ ਐਸੋਸਿਏਸ਼ਨ ਦੀ ਪ੍ਰੈਜ਼ੀਡੈਂਟ ਕੈਥਰੀਨ ਹੋਏ ਨੇ ਆਖਿਆ ਕਿ ਇਹ ਬੜੀ ਹੀ ਮੰਦਭਾਗੀ ਗੱਲ ਹੈ ਕਿ ਟੋਰਾਂਟੋ ਦੇ ਹਸਪਤਾਲ ਨੂੰ ਆਪਣੀ ਈਆਰ ਖੁੱਲ੍ਹਾ ਰੱਖਣ ਲਈ ਐਨੇ ਸਾਰੇ ਲੋਕਾਂ ਦੀ ਮਦਦ ਲੈਣੀ ਪਈ। ਇਹ ਵੀ ਆਖਿਆ ਗਿਆ ਕਿ ਆਰਜ਼ੀ ਤੌਰ ਉੱਤੇ ਪੇਂਡੂ ਏਰੀਆਜ਼ ਵਿੱਚ ਈਆਰ ਬੰਦ ਕਰਨ ਦੀ ਨੌਬਤ ਆਈ ਹੈ। ਉਨ੍ਹਾਂ ਆਖਿਆ ਕਿ ਇਹ



ਮੁਸੀਬਤ ਦੀ ਨਿੱਕੀ ਜਿਹੀ ਝਲਕ ਹੈ ਤੇ ਇਸ ਤੋਂ ਹੀ ਪਤਾ ਲੱਗਦਾ ਹੈ ਕਿ ਅਸੀਂ ਮੁਸ਼ਕਲ ਵਿੱਚ ਹਾਂ। ਯੂਐਚਐਨ ਦੋ ਈਆਰ ਚਲਾਉਂਦੀ ਹੈ ਇੱਕ ਟੋਰਾਂਟੋ ਦੇ ਜਨਰਲ ਤੇ ਦੂਜਾ ਟੋਰਾਂਟੋ ਵੈਸਟਰਨ ਹੌਸਪਿਟਲ। ਪਰ ਇਹ ਨਹੀਂ ਦੱਸਿਆ ਗਿਆ ਕਿ ਵੀਕੈਂਡ ਉੱਤੇ ਕਿਹੜਾ ਪ੍ਰਭਾਵਿਤ ਹੋਇਆ।

ਜ਼ਿਕਰਯੋਗ ਹੈ ਕਿ ਪਰਥ, ਅਲੈਗਜ਼ੈਂਡਰੀਆ, ਕਲਿੰਟਨ, ਲਿਸਟੋਵਲ ਤੇ ਵਿੰਘਮ ਵਿੱਚ ਨਿੱਕੇ ਹਸਪਤਾਲਾਂ ਦੇ ਈਆਰਜ਼ ਨੂੰ ਸਟਾਫ ਦੀ ਘਾਟ ਕਾਰਨ ਪਿਛਲੇ ਦਿਨੀਂ ਕੁੱਝ ਘੰਟਿਆਂ ਤੇ ਕੁੱਝ ਦਿਨਾਂ ਲਈ ਬੰਦ ਕਰਨਾ ਪਿਆ। ਹੋਏ ਨੇ ਆਖਿਆ ਕਿ ਦੋ ਸਾਲਾਂ ਤੱਕ ਮਹਾਂਮਾਰੀ ਨਾਲ ਜੂਝ ਰਹੀਆਂ ਨਰਸਾਂ ਤੇ ਤਨਖਾਹ ਵਿੱਚ ਇੱਕ ਫੀ ਸਦੀ ਵਾਧੇ ਤੋਂ ਬਾਅਦ ਹੋਰ ਵਾਧੇ ਉੱਤੇ ਰੋਕ ਲਾਉਣ ਕਾਰਨ ਪਰੇਸ਼ਾਨ ਇਨ੍ਹਾਂ ਨਰਸਾਂ ਨੂੰ ਕੰਮ ਉੱਤੇ ਬਣਾਈ ਰੱਖਣ ਲਈ ਪ੍ਰੋਵਿੰਸ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ।

ਨਰਸਾਂ ਦੀ ਯੂਨੀਅਨ ਚਾਹੁੰਦੀ ਹੈ ਕਿ ਸਰਕਾਰ ਪੇਅ-ਕੈਪ ਕਾਨੂੰਨ ਰੱਦ ਕਰੇ ਤੇ ਕੌਮਾਂਤਰੀ ਪੱਧਰ ਉੱਤੇ ਸਿਖਲਾਈ ਪ੍ਰਾਪਤ ਨਰਸਾਂ ਨੂੰ ਜਲਦ ਤੋਂ ਜਲਦ ਲਾਇਸੰਸ ਦੇ ਕੇ ਇੱਥੇ ਸੱਦਿਆ ਜਾਵੇ ਤਾਂ ਕਿ ਸਾਰਾ ਕੰਮਕਾਜ ਸਹੀ ਢੰਗ ਨਾਲ ਹੋ ਸਕੇ।

# ਹੈਮਿਲਟਨ ਦੇ ਮੇਅਰ ਦੀ ਚੋਣ ਲੜਨ ਸਬੰਧੀ ਅੱਜ ਐਲਾਨ ਕਰ ਸਕਦੀ ਹੈ ਹੌਰਵਥ

ਹੈਮਿਲਟਨ, 28 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੀ ਸਾਬਕਾ ਐਨਡੀਪੀ ਆਗੂ ਐਂਡਰੀਆ ਹੌਰਵਥ ਵੱਲੋਂ ਹੈਮਿਲਟਨ ਦੇ ਮੇਅਰ ਦੀ ਚੋਣ ਲੜਨ ਸਬੰਧੀ ਮੰਗਲਵਾਰ ਨੂੰ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।

2004 ਵਿੱਚ ਪ੍ਰੋਵਿੰਸ਼ੀਅਲ ਪਾਲੀਟਿਕਸ ਵਿੱਚ ਪੈਰ ਧਰਨ ਤੋਂ ਪਹਿਲਾਂ ਕਈ ਸਾਲ ਹੌਰਵਥ ਹੈਮਿਲਟਨ ਸਿਟੀ ਕਾਊਂਸਲਰ ਰਹੀ। ਹੌਰਵਥ 2004 ਵਿੱਚ ਐਮਪੀਪੀ ਚੁਣੀ ਗਈ। 2009 ਵਿੱਚ ਉਹ ਓਨਟਾਰੀਓ ਐਨਡੀਪੀ ਦੀ ਲੀਡਰ ਬਣੀ। ਚਾਰ ਚੋਣਾਂ ਵਿੱਚ ਉਨ੍ਹਾਂ ਆਪਣੀ ਪਾਰਟੀ ਦੀ ਅਗਵਾਈ ਕੀਤੀ। ਜੂਨ 2022 ਦੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਆਪਣੀ ਪਾਰਟੀ ਦੇ ਹਾਰਨ ਤੋਂ ਬਾਅਦ ਉਨ੍ਹਾਂ ਐਨਡੀਪੀ ਆਗੂ ਵਜੋਂ ਆਪਣਾ ਅਹੁਦਾ ਛੱਡਣ ਦਾ ਐਲਾਨ ਕੀਤਾ। ਪਰ ਉਨ੍ਹਾਂ ਉਸ ਸਮੇਂ ਆਪਣੀ ਅਗਲੀ ਯੋਜਨਾ ਬਾਰੇ ਕੋਈ ਖੁਲਾਸਾ ਨਹੀਂ ਕੀਤਾ।

ਜਾਣਕਾਰ ਸੂਤਰ ਅਨੁਸਾਰ ਉਨ੍ਹਾਂ



ਵੱਲੋਂ ਮੰਗਲਵਾਰ ਨੂੰ ਇਹ ਐਲਾਨ ਕੀਤਾ ਜਾ ਸਕਦਾ ਹੈ ਕਿ ਉਹ ਹੈਮਿਲਟਨ ਦੀ ਅਗਲੀ ਮੇਅਰ ਬਣਨ ਲਈ ਚੋਣ ਲੜੇਗੀ। ਜ਼ਿਕਰਯੋਗ ਹੈ ਕਿ ਹੈਮਿਲਟਨ ਦੇ ਮੌਜੂਦਾ ਮੇਅਰ ਫਰੈਡ ਐਸਨਬਰਗਰ ਨੇ ਜੂਨ ਵਿੱਚ ਇਹ ਐਲਾਨ ਕੀਤਾ ਸੀ ਕਿ ਉਹ ਮੇਅਰ ਲਈ ਮੁੜ ਚੋਣ ਨਹੀਂ ਲੜਨਗੇ। ਉਨ੍ਹਾਂ ਇਸ ਅਹੁਦੇ ਲਈ ਢੁਕਵੇਂ ਆਗੂ ਵਜੋਂ ਹੌਰਵਥ ਦੇ ਨਾਂ ਦੀ ਸਿਫਾਰਿਸ਼ ਵੀ ਕੀਤੀ ਸੀ।

ਹੌਰਵਥ ਦੇ ਇਸ ਦੌੜ ਵਿੱਚ ਸ਼ਾਮਲ ਹੋਣ ਨਾਲ ਇੱਕ ਹਾਈ ਪ੍ਰੋਫਾਈਲ ਨਾਂ ਹੁਣ ਇਸ ਮੁਕਾਬਲੇ ਨਾਲ ਜੁੜ ਗਿਆ ਹੈ। ਹੌਰਵਥ ਤੋਂ ਇਲਾਵਾ ਇਸ ਦੌੜ ਵਿੱਚ ਸਾਬਕਾ ਮੇਅਰ ਤੇ ਲਿਬਰਲ ਐਮਪੀ ਰੌਬਰਟ ਬ੍ਰੇਟੀਨਾ, ਮੇਅਰ ਦੇ ਅਹੁਦੇ ਦੇ ਸਾਬਕਾ ਉਮੀਦਵਾਰ ਤੇ ਟੈਕਸੀ ਯੂਨੀਅਨ ਦੇ ਹੈੱਡ ਐਜਾਜ਼ ਬੱਟ ਤੇ ਹੈਮਿਲਟਨ ਚੇਂਬਰ ਆਫ ਕਾਮਰਸ ਦੇ ਸਾਬਕਾ ਸੀਈਓ ਕੀਨਿਨ ਲੂਮਿਸ ਸ਼ਾਮਲ ਹਨ। ਇਸ ਅਹੁਦੇ ਲਈ ਨਾਮਜ਼ਦਗੀਆਂ 19 ਅਗਸਤ ਨੂੰ ਬੰਦ ਹੋਣਗੀਆਂ ਤੇ ਇਸ ਸਬੰਧੀ ਚੋਣ 24 ਅਕਤੂਬਰ ਨੂੰ ਹੋਵੇਗੀ।

# ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ

ਓਨਟਾਰੀਓ, 28 ਜੁਲਾਈ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਡਾਊਨਜ਼ਵਿਊ ਪਾਰਕ ਦੇ ਬਾਸਕਿਟਬਾਲ ਕੋਰਟ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਦ ਪੁਲਿਸ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਜਾਂਚਕਾਰਾਂ ਨੇ ਦੱਸਿਆ ਕਿ ਰਾਤੀਂ 10:00 ਵਜੇ ਤੋਂ ਠੀਕ ਪਹਿਲਾਂ ਕਿਸੇ ਗੱਲ ਨੂੰ ਲੈ ਕੇ ਵਿਵਾਦ ਹੋ ਗਿਆ, ਜਿਸ ਤੋਂ ਬਾਅਦ ਇੱਕ ਵਿਅਕਤੀ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਉਸ ਵਿਅਕਤੀ ਨੂੰ



ਮਾਮੂਲੀ ਸੱਟਾਂ ਲੱਗੀਆਂ ਤੇ ਉਸ ਦਾ ਇਲਾਜ ਵੀ ਮੌਕੇ ਉੱਤੇ ਹੀ ਕਰ ਦਿੱਤਾ ਗਿਆ। ਪੁਲਿਸ ਅਧਿਕਾਰੀਆਂ ਦੇ ਪਹੁੰਚਣ ਤੋਂ ਪਹਿਲਾਂ ਹੀ ਮਸ਼ਕੂਕ ਉੱਥੋਂ ਫਰਾਰ ਹੋ ਗਏ।

ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਚੱਲ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਗੱਡੀ ਖੰਭੇ ਨਾਲ ਟਕਰਾਈ, ਇੱਕ ਹਲਾਕ

ਟੋਰਾਂਟੋ, 28 ਜੁਲਾਈ (ਪੋਸਟ ਬਿਊਰੋ) : ਅੱਜ ਸਵੇਰੇ ਸਿਟੀ ਦੇ ਪੂਰਬੀ ਸਿਰੇ ਉੱਤੇ ਇੱਕ ਗੱਡੀ ਦੇ ਖੰਭੇ ਨਾਲ ਟਕਰਾ ਜਾਣ ਕਾਰਨ ਡਰਾਈਵਰ ਦੀ ਮੌਤ ਹੋ ਗਈ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਇਹ ਹਾਦਸਾ ਕਿੰਗਸਟਨ ਤੇ ਸਕਾਰਬਰੋ ਗੌਲਫ ਕਲੱਬ ਰੋਡਜ਼ ਦੇ ਲਾਂਘੇ ਉੱਤੇ ਸਕਾਰਬਰੋ ਵਿਲੇਜ ਏਰੀਆ ਨੇੜੇ ਤੜਕੇ 4:00 ਵਜੇ ਵਾਪਰਿਆ। ਪੁਲਿਸ ਅਨੁਸਾਰ ਡਰਾਈਵਰ ਨੇ ਗੱਡੀ ਖੰਭੇ ਵਿੱਚ ਮਾਰੀ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਬਾਲਗ ਵਿਅਕਤੀ ਨੂੰ ਸੰਨੀਬਰੁੱਕ ਹੈਲਥ ਸਾਇੰਸ ਸੈਂਟਰ ਲਿਜਾਇਆ ਗਿਆ। ਉਸ ਨੂੰ ਹਸਪਤਾਲ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ।

ਇਸ ਸਮੇਂ ਸਕਾਰਬਰੋ ਗੌਲਫ ਕਲੱਬ ਰੋਡ ਦੀਆਂ ਕਿੰਗਸਟਨ ਰੋਡ ਵਾਲੀਆਂ ਪੂਰਬੀ ਲੇਨਜ਼ ਨੂੰ ਬੰਦ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਕਾਰਬਰੋ ਗੋਲਡ ਕਲੱਬ ਰੋਡ ਦੀਆਂ ਉੱਤਰ ਵਾਲੀਆਂ ਲੇਨਜ਼ ਨੂੰ ਵੀ ਮੋਟਰਿਸਟਸ ਲਈ ਬੰਦ ਕੀਤਾ ਗਿਆ ਹੈ। ਇਸ ਘਟਨਾ ਨਾਲ ਪਬਲਿਕ ਟਰਾਂਜ਼ਿਟ ਵੀ ਪ੍ਰਭਾਵਿਤ ਹੋਇਆ ਹੈ।



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਗੋ ਟਰੇਨ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਬੱਚੇ ਦੀ ਹੋਈ ਮੌਤ




ਮਿਸੀਸਾਗਾ, 28 ਜੁਲਾਈ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਮੰਗਲਵਾਰ ਸ਼ਾਮ ਨੂੰ ਗੋ ਟਰੇਨ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਬੱਚੇ ਦੀ ਮੌਤ ਹੋ ਗਈ। ਇਹ ਜਾਣਕਾਰੀ ਐਮਰਜੰਸੀ ਕ੍ਰਿਊ ਵੱਲੋਂ ਦਿੱਤੀ ਗਈ। ਸ਼ਾਮੀਂ 7:30 ਵਜੇ ਤੋਂ ਬਾਅਦ ਡੰਡਸ ਸਟਰੀਟ ਤੇ ਕਾਥਰਾ ਰੋਡ ਨੇੜੇ ਲੋਲਿਤਾ ਗਾਰਡਨਜ਼ ਤੇ ਸਿਲਵਰ ਕ੍ਰੀਕ ਬੁਲੇਵਾਰਡ ਉੱਤੇ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਬੱਚੇ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਬੱਚੇ ਦੀ ਉਮਰ ਤੇ ਲਿੰਗ ਬਾਰੇ ਅਜੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਹੈ ਪਰ ਪੈਰਾਮੈਡਿਕਸ ਨੇ ਦੱਸਿਆ ਕਿ ਬੱਚਾ 16 ਸਾਲ ਤੋਂ ਘੱਟ ਉਮਰ ਦਾ ਹੈ। ਇਹ ਵੀ ਸਪਸ਼ਟ ਨਹੀਂ ਹੋ ਸਕਿਆ ਕਿ ਹਾਦਸੇ ਸਮੇਂ ਬੱਚੇ ਦੇ ਮਾਪੇ ਉਸ ਨਾਲ ਸਨ ਜਾਂ ਨਹੀਂ।

## ਗੈਸ ਦੀਆਂ ਕੀਮਤਾਂ ਵਿਚ ਇਕ ਵਾਰੀ ਮੁੜ ਹੋਵੇਗਾ ਵਾਧਾ



ਟੋਰਾਂਟੋ, 28 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਦੇ ਡਰਾਈਵਰ ਇਸ ਲਾਂਗ ਵੀਕੈਂਡ ਤੋਂ ਬਾਅਦ ਮੰਗਲਵਾਰ ਨੂੰ ਇਹ ਯਕੀਨੀ ਬਣਾਉਣਾ ਚਾਹੁਣਗੇ ਕਿ ਉਨ੍ਹਾਂ ਦੀਆਂ ਗੱਡੀਆਂ ਦੀਆਂ ਟੰਕੀਆਂ ਫੁੱਲ ਹੋਣ।

ਐਨ-ਪ੍ਰੋ ਇੰਟਰਨੈਸ਼ਨਲ ਵਿਖੇ ਚੀਫ ਪੈਟਰੋਲੀਅਮ ਵਿਸ਼ਲੇਸ਼ਕ ਰੌਜਰ ਮੈਕਨਾਈਟ ਨੇ ਦੱਸਿਆ ਕਿ ਅੱਧੀ ਰਾਤ ਤੋਂ ਬਾਅਦ ਜੀਟੀਏ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਸੱਤ ਸੈਂਟ ਦਾ ਵਾਧਾ ਹੋਵੇਗਾ। ਇਸ ਨਾਲ ਬਹੁਤੇ ਸਟੇਸ਼ਨਾਂ ਉੱਤੇ ਗੈਸ ਦੀ ਔਸਤ ਕੀਮਤ 182.9 ਸੈਂਟ ਪ੍ਰਤੀ ਲੀਟਰ ਤੱਕ ਪਹੁੰਚ ਜਾਵੇਗੀ।

ਇਹ ਵਾਧਾ ਦੋ ਹਫਤਿਆਂ ਵਿੱਚ ਹੋਣ ਵਾਲਾ ਪਹਿਲਾ ਵਾਧਾ ਹੋਵੇਗਾ। ਇਸ ਮਹੀਨੇ ਗੈਸ ਦੀਆਂ ਕੀਮਤਾਂ ਵਿੱਚ ਨੌਂਵੀਂ ਵਾਰੀ ਤਬਦੀਲੀ ਵੇਖਣ ਨੂੰ ਮਿਲੇਗੀ। ਜ਼ਿਕਰਯੋਗ ਹੈ ਕਿ ਰੀਜਨ ਵਿੱਚ ਗੈਸ ਦੀਆਂ ਕੀਮਤਾਂ ਜੂਨ ਦੇ ਮਹੀਨੇ ਆਪਣੇ ਸਿਖਰ ਉੱਤੇ ਸਨ ਤੇ ਇਹ 214.9 ਸੈਂਟਸ ਪ੍ਰਤੀ ਲੀਟਰ ਤੱਕ ਪਹੁੰਚ ਗਈਆਂ ਸਨ। ਮਾਹਿਰਾਂ ਦਾ ਮੰਨਣਾ ਹੈ ਕਿ ਕੁੱਝ ਉਤਰਾਅ ਚੜ੍ਹਾਅ ਦੇ ਬਾਵਜੂਦ ਗਰਮੀਆਂ ਦੇ ਬਾਕੀ ਬਚੇ ਮਹੀਨਿਆਂ ਵਿੱਚ ਗੈਸ ਦੀਆਂ ਕੀਮਤਾਂ ਘੱਟ ਰਹਿਣ ਦਾ ਰੁਝਾਨ ਬਣਿਆ ਰਹੇਗਾ।

## ਸ਼ੂਟਿੰਗ ਵਿੱਚ 30 ਸਾਲਾ ਵਿਅਕਤੀ ਗੰਭੀਰ ਜ਼ਖ਼ਮੀ



ਟੋਰਾਂਟੋ, 28 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਹੋਈ ਸ਼ੂਟਿੰਗ ਤੋਂ ਬਾਅਦ ਇੱਕ 30 ਸਾਲਾ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਪਹੁੰਚਿਆ। ਡੰਡਸ ਤੇ ਡੁਪੌਂਟ ਸਟਰੀਟਸ ਨੇੜੇ ਪੇਲਹਾਮ ਐਵਨਿਊ ਤੇ ਓਸਲਰ ਸਟਰੀਟ ਉੱਤੇ ਇਹ ਘਟਨਾ ਤੜਕੇ 2:40 ਉੱਤੇ ਵਾਪਰੀ। ਇਸ ਤੋਂ ਤੁਰੰਤ ਬਾਦ ਪੁਲਿਸ ਅਧਿਕਾਰੀਆਂ ਨੂੰ ਮੌਕੇ ਉੱਤੇ ਸੱਦਿਆ ਗਿਆ। ਪਰ ਜ਼ਖ਼ਮੀ ਵਿਅਕਤੀ ਆਪਣੇ ਆਪ ਹੀ ਹਸਪਤਾਲ ਚਲਾ ਗਿਆ।

ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ ਪਰ ਪੁਲਿਸ ਦਾ ਕਹਿਣਾ ਹੈ ਕਿ ਸ਼ੂਟਿੰਗ ਤੋਂ ਬਾਅਦ ਇੱਕ ਗੂੜ੍ਹੇ ਰੰਗ ਦੀ ਗੱਡੀ ਨੂੰ ਇਲਾਕੇ ਵਿੱਚੋਂ ਜਾਂਦਿਆਂ ਵੇਖਿਆ ਗਿਆ।

## ਚੱਲਦੀ ਟਰੇਨ ਦੀ ਛੱਤ ਉੱਤੇ ਕਈ ਵਿਅਕਤੀਆਂ ਨੂੰ ਵੇਖਿਆ ਗਿਆ



ਇਟੋਬੀਕੋ, 28 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਕਈ ਵਿਅਕਤੀਆਂ ਨੂੰ ਗੋ ਟਰੇਨ ਦੀ ਛੱਤ ਉੱਤੇ ਸਫਰ ਕਰਦਿਆਂ ਵੇਖਿਆ ਗਿਆ। ਪੁਲਿਸ ਅਧਿਕਾਰੀਆਂ ਨੇ ਆਖਿਆ ਕਿ ਇਹ ਬਹੁਤ ਹੀ ਖਤਰਨਾਕ ਰੁਝਾਨ ਹੈ। ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਾਮੀਂ 6:00 ਵਜੇ ਤੋਂ ਠੀਕ ਪਹਿਲਾਂ ਗਾਰਡੀਨਰ ਐਕਸਪ੍ਰੈੱਸਵੇਅ ਤੇ ਡਫਰਿਨ ਸਟਰੀਟ ਨੇੜੇ ਗੋ ਟਰੇਨ ਦੀ ਛੱਤ ਉੱਤੇ ਦੋ ਤੋਂ ਤਿੰਨ ਵਿਅਕਤੀਆਂ ਦੇ ਸਫਰ ਕਰਨ ਦੀ ਰਿਪੋਰਟ ਮਿਲੀ। ਇਹੋ ਜਿਹੀਆਂ ਹੀ ਰਿਪੋਰਟਾਂ ਬ੍ਰੋਅ ਡਰਾਈਵ ਨੇੜੇ ਲੌਂਗ ਬ੍ਰਾਂਚ ਸਟੇਸ਼ਨ ਤੋਂ ਵੀ ਮਿਲੀਆਂ। ਪੁਲਿਸ ਨੇ ਆਖਿਆ ਕਿ ਇਹ ਗਤੀਵਿਧੀ ਕਾਫੀ ਖਤਰਨਾਕ ਹੈ। ਮੈਟਰੋਲਿੰਕਸ ਨੇ ਵੀ ਆਖਿਆ ਕਿ ਉਨ੍ਹਾਂ ਨੂੰ ਵੀ ਇਸ ਹਰਕਤ ਦਾ ਪਤਾ ਲੱਗਿਆ ਹੈ ਤੇ ਉਹ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੇ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ ਮਾਸਕ ਪਾਈ ਦੋ ਵਿਅਕਤੀਆਂ ਨੇ ਚੱਲ ਰਹੀ ਸਬਵੇਅ ਟਰੇਨ ਦੀ ਛੱਤ ਉੱਤੇ ਕੈਨੇਡੀਅਨ ਝੰਡੇ ਲੈ ਕੇ ਤੁਰੇ ਫਿਰਨ ਵਰਗੀ ਹਰਕਤ ਵੀ ਕੀਤੀ ਸੀ ਤੇ ਟੀਟੀਸੀ ਵੱਲੋਂ ਉਸ ਮਾਮਲੇ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

## ਮਿਸੀਸਾਗਾ ਦੇ ਨਾਈਟਕਲੱਬ ਦੇ ਬਾਹਰ ਚੱਲੀ ਗਲੀ, ਮਸ਼ਕੂਕ ਕਾਬੂ




ਮਿਸੀਸਾਗਾ, 28 ਜੁਲਾਈ (ਪੋਸਟ ਬਿਊਰੋ) : ਐਤਵਾਰ ਸਵੇਰ ਨੂੰ ਮਿਸੀਸਾਗਾ ਦੇ ਨਾਈਟਕਲੱਬ ਦੇ ਬਾਹਰ ਚੱਲੀ ਗੋਲੀ ਕਾਰਨ ਤਿੰਨ ਮਸ਼ਕੂਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਿਸ ਦਾ ਕਹਿਣਾ ਹੈ ਕਿ ਇਹ ਸ਼ੂਟਿੰਗ ਤੜਕੇ 3:00 ਵਜੇ ਐਗਲਿੰਟਨ ਐਵਨਿਊ ਤੇ ਡਿਕਸੀ ਰੋਡ ਇਲਾਕੇ ਵਿੱਚ ਸਥਿਤ ਨਾਈਟਕਲੱਬ ਦੇ ਬਾਹਰ ਹੋਈ। ਮਸ਼ਕੂਕ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਇੱਕ ਗੱਡੀ ਵਿੱਚ ਸਵਾਰ ਹੋ ਕੇ ਮੌਕੇ ਤੋਂ ਫਰਾਰ ਹੋ ਗਏ ਪਰ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਹੁਰੌਨਤਾਰੀਓ ਸਟਰੀਟ ਨੇੜੇ ਹਾਈਵੇਅ 403 ਉੱਤੇ ਪੱਛਮ ਵਾਲੀਆਂ ਲੇਨਜ਼ ਉੱਤੇ ਰੋਕ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਤਿੰਨ ਵਿਅਕਤੀ ਉਨ੍ਹਾਂ ਦੀ ਹਿਰਾਸਤ ਵਿੱਚ ਹਨ। ਸ਼ੂਟਿੰਗ ਵਾਲੀ ਥਾਂ ਉੱਤੇ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਵਾਅਨ ਦੇ ਨਾਈਟ ਕਲੱਬ ਵਿੱਚ ਚੱਲੀ ਗੋਲੀ, 2 ਹਲਾਕ, 1 ਜ਼ਖ਼ਮੀ




ਵਾਅਨ, 28 ਜੁਲਾਈ (ਪੋਸਟ ਬਿਊਰੋ) : ਸ਼ਨਿੱਚਰਵਾਰ ਸਵੇਰੇ ਵਾਅਨ, ਓਨਟਾਰੀਓ ਵਿੱਚ ਹੋਈ ਸ਼ੂਟਿੰਗ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਇੱਕ ਮਹਿਲਾ ਜ਼ਖ਼ਮੀ ਹੋ ਗਈ। ਉਸ ਨੂੰ ਗੰਭੀਰ ਰੂਪ ਵਿੱਚ ਹਸਪਤਾਲ ਲਿਜਾਇਆ ਗਿਆ।

ਯੌਰਕ ਰੀਜਨਲ ਪੁਲਿਸ ਦੇ ਜਾਂਚਕਾਰਾਂ ਨੇ ਦੱਸਿਆ ਕਿ ਤੜਕੇ 3:30 ਵਜੇ ਜਾਂਚਕਾਰਾਂ ਨੂੰ ਹਾਈਵੇਅ 7 ਤੇ ਕੀਲ ਸਟਰੀਟ ਇਲਾਕੇ ਵਿੱਚ ਸ਼ੂਟਿੰਗ ਦੀ ਰਿਪੋਰਟ ਮਿਲੀ, ਜਿਸ ਤੋਂ ਬਾਅਦ ਉਹ ਫੌਰਨ ਮੌਕਾ-ਏ-ਵਾਰਦਾਤ ਉੱਤੇ ਪਹੁੰਚੇ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਗੋਲੀਆਂ ਲੱਗਣ ਕਾਰਨ ਤਿੰਨ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਪੁਲਿਸ ਅਨੁਸਾਰ 25 ਤੇ 22 ਸਾਲਾ ਜ਼ਖ਼ਮੀ ਵਿਅਕਤੀਆਂ ਨੂੰ ਥਾਂ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

20 ਸਾਲਾ ਲੜਕੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਉਹ ਅਜੇ ਵੀ ਜ਼ੇਰੇ ਇਲਾਜ ਹੈ। ਜਾਂਚਕਾਰਾਂ ਦਾ ਕਹਿਣਾ ਹੈ ਕਿ ਮਸ਼ਕੂਕ, ਭਾਵੇਂ ਇੱਕ ਸੀ ਜਾਂ ਵੱਧ, ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਫਰਾਰ ਹੋ ਗਏ। ਕਿਸੇ ਮਸ਼ਕੂਕ ਦਾ ਅਜੇ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ।

## ਡੀ ਜੀ ਸੀ ਏ ਨੇ ਸਪਾਈਸਜੈਟ ਦੀਆਂ ਸੇਵਾਵਾਂ ਅੱਧੀਆਂ ਕੀਤੀਆਂ

ਨਵੀਂ ਦਿੱਲੀ, 28 ਜੁਲਾਈ (ਪੋਸਟ ਬਿਊਰੋ)- ਹਵਾਬਾਜ਼ੀ ਖੇਤਰ ਦੀ ਰੈਗੂਲੇਟਰੀ ਡੀ ਜੀ ਸੀ ਏ (ਸ਼ਹਿਰੀ ਹਵਾਬਾਜ਼ੀ ਦਾ ਡਾਇਰੈਕਟੋਰੇਟ ਜਨਰਲ) ਨੇ ਹਵਾਈ ਕੰਪਨੀ ਸਪਾਈਸਜੈਟ ਨੂੰ ਆਪਣੀਆਂ ਸੇਵਾਵਾਂ ਪੰਜਾਹ ਫੀਸਦੀ ਤਕ ਘੱਟ ਕਰਨ ਦਾ ਹੁਕਮ ਦਿੱਤਾ ਹੈ। ਹਵਾਈ ਸੇਵਾਵਾਂ ਅੱਧੀਆਂ ਕਰਨ ਦਾ ਫੈਸਲਾ ਅੱਠ ਹਫਤੇ ਲਾਗੂ ਰਹੇਗਾ। ਇਨ੍ਹਾਂ ਅੱਠ ਹਫਤਿਆਂ ਵਿੱਚ ਡੀ ਜੀ ਸੀ ਏ ਹਵਾਈ ਕੰਪਨੀ ਦੀਆਂ ਸੇਵਾਵਾਂ ਦੀ ਡੂੰਘਾਈ ਨਾਲ ਨਿਗਰਾਨੀ ਕਰੇਗਾ।

ਡੀ ਜੀ ਸੀ ਏ ਨੇ ਇਹ ਹੁਕਮ ਬੀਤੇ ਦਿਨਾਂ ਵਿੱਚ ਕੰਪਨੀ ਦੇ ਜਹਾਜ਼ਾਂ ਵਿੱਚ ਉਡਾਣ ਦੌਰਾਨ ਆਈਆਂ ਗੜਬੜਾਂ ਪਿੱਛੋਂ ਦਿੱਤਾ ਹੈ, ਪਰ ਸਪਾਈਸਜੈਟ ਨੇ ਆਪਣੀਆਂ ਸੇਵਾਵਾਂ ਦੀ ਗਿਣਤੀ ਵਿੱਚ ਕਟੌਤੀ ਤੋਂ ਇਨਕਾਰ ਕੀਤਾ ਤੇ ਕਿਹਾ ਕਿ ਕੰਪਨੀ ਪਹਿਲਾਂ ਹੀ ਘੱਟ ਰੂਟਾਂ ਉੱਤੇ ਸੇਵਾਵਾਂ ਦੇ ਰਹੀ ਹੈ। ਇਹ ਘੱਟ ਯਾਤਰੀਆਂ ਨੂੰ ਦੇਖ ਕੇ ਕੀਤਾ ਜਾ ਰਿਹਾ ਹੈ। ਇਸ ਲਈ ਹਵਾਈ ਸੇਵਾਵਾਂ ਦੀ ਗਿਣਤੀ ਨੂੰ ਹੋਰ ਘੱਟ ਨਹੀਂ ਕੀਤਾ ਜਾ ਸਕਦਾ। 11 ਮਾਰਚ ਨੂੰ ਡੀ ਜੀ ਸੀ ਏ ਨੇ ਸਪਾਈਸਜੈਟ ਲਈ 4,192 ਹਫਤਾਵਾਰੀ ਘਰੇਲੂ ਉਡਾਣਾਂ ਮਨਜ਼ੂਰ ਕੀਤੀਆਂ ਸਨ। ਸੀਮਿਤ ਸੇਵਾਵਾਂ ਦਾ ਇਹ ਦੌਰ 29 ਅਕਤੂਬਰ ਨੂੰ ਪੂਰਾ ਹੋਵੇਗਾ, ਪਰ ਡੀ ਜੀ ਸੀ ਏ ਦੇ ਕੱਲ੍ਹ ਦੇ ਹੁਕਮ ਉੱਤੇ ਮੁਤਾਬਕ ਕੰਪਨੀ ਅੱਠ ਹਫਤਿਆਂ ਤਕ 2096 ਹਫਤਾਵਾਰੀ ਉਡਾਣਾਂ ਹੀ ਚਲਾ ਸਕੇਗੀ।

## ਮੁਫਤ ਵਿੱਚ ਬਰੈਂਪਟਨ ਦਾ ਬੱਸ ਟੂਰ ਲੈ ਸਕਦੇ ਹਨ ਨਵੇਂ ਰੈਜ਼ੀਡੈਂਟਸ




ਬਰੈਂਪਟਨ, 28 ਜੁਲਾਈ (ਪੋਸਟ ਬਿਊਰੋ) : ਪਹਿਲੀ ਜਨਵਰੀ, 2019 ਤੋਂ ਬਾਅਦ ਬਰੈਂਪਟਨ ਰਹਿਣ ਲਈ ਆਉਣ ਵਾਲੇ ਰੈਜ਼ੀਡੈਂਟਸ ਮੁਫਤ ਵਿੱਚ ਨਿਊਕਮਰ ਬੱਸ ਟੂਰ ਲੈ ਸਕਦੇ ਹਨ। ਇਹ ਟੂਰ ਬਰੈਂਪਟਨ ਲਾਇਬ੍ਰੇਰੀ ਤੇ ਬਰੈਂਪਟਨ ਟਰਾਂਜ਼ਿਟ ਦੇ ਸਹਿਯੋਗ ਨਾਲ ਕਰਵਾਇਆ ਜਾਵੇਗਾ।

ਇਹ ਟੂਰ 16 ਅਗਸਤ ਤੇ 18 ਅਗਸਤ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ ਦੇ 1:00 ਵਜੇ ਤੱਕ ਕਰਵਾਇਆ ਜਾਵੇਗਾ। ਇਸ ਲਈ ਰੈਜ਼ੀਡੈਂਟਸ ਆਨਲਾਈਨ bramptonlibrary.ca ਉੱਤੇ ਜਾਂ ਫਿਰ 905 793 4636 ਉੱਤੇ ਫੋਨ ਕਰਕੇ ਆਪਣਾ ਨਾਂ ਰਜਿਸਟਰ ਕਰਵਾ ਸਕਦੇ ਹਨ।

ਇਸ ਦੌਰਾਨ ਬਰੈਂਪਟਨ ਸਿਟੀ ਹਾਲ, ਪਾਰਕਸ, ਹਸਪਤਾਲਾਂ, ਕਮਿਊਨਿਟੀ ਸੈਂਟਰਾਂ, ਬੱਸ ਤੇ ਟਰੇਨ ਸਟੇਸ਼ਨਾਂ ਦੇ ਨਾਲ ਨਾਲ ਲਾਇਬ੍ਰੇਰੀ ਦੀਆਂ ਬ੍ਰਾਂਚਾਂ ਦਾ ਟੂਰ ਕਰਵਾਇਆ ਜਾਵੇਗਾ। ਇਸ ਨਾਲ ਰੈਜ਼ੀਡੈਂਟਸ ਨੂੰ ਬਰੈਂਪਟਨ ਨੂੰ ਜਾਨਣ ਦਾ ਮੌਕਾ ਮਿਲੇਗਾ ਤੇ ਉਨ੍ਹਾਂ ਦਾ ਮਨੋਰੰਜਨ ਵੀ ਹੋਵੇਗਾ।

ਮਹਾਂਮਾਰੀ ਕਾਰਨ ਇਸ ਟੂਰ ਨੂੰ ਦੋ ਸਾਲ ਦੇ ਵਕਫੇ ਮਗਰੋਂ ਮੁੜ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਐਵਾਰਡ ਜੇਤੂ ਟੂਰ ਨੂੰ ਪਬਲਿਕ ਲਾਇਬ੍ਰੇਰੀ ਸਰਵਿਸ ਵਿੱਚ ਕਮਾਲ ਦੀ ਸੇਵਾ ਵਾਸਤੇ ਐਂਗਸ ਮੋਵਾਤ ਐਵਾਰਡ, ਪਬਲਿਕ ਲਾਇਬ੍ਰੇਰੀ ਐਸੋਸਿਏਸ਼ਨ ਅਪਸਟਾਰਟ ਇਨੋਵੇਸ਼ਨ ਐਵਾਰਡ ਤੇ ਕੈਨੇਡੀਅਨ ਅਰਬਨ ਟਰਾਂਜ਼ਿਟ ਐਸੋਸਿਏਸ਼ਨ (ਸੀਯੂਟੀਏ) ਤੋਂ ਐਵਾਰਡ ਹਾਸਲ ਹੋ ਚੁੱਕਿਆ ਹੈ।

## ਗਾਰਡੀਨਰ ਐਕਸਪ੍ਰੈੱਸਵੇਅ ਉੱਤੇ ਵਾਪਰੇ ਹਾਦਸੇ ਵਿੱਚ ਤਿੰਨ ਜ਼ਖ਼ਮੀ



ਇਟੋਬੀਕੋ, 28 ਜੁਲਾਈ (ਪੋਸਟ ਬਿਊਰੋ) : ਇਟੋਬੀਕੋ ਵਿੱਚ ਗਾਰਡੀਨਰ ਐਕਸਪ੍ਰੈੱਸਵੇਅ ਉੱਤੇ ਵਾਪਰੇ ਹਾਦਸੇ ਵਿੱਚ ਤਿੰਨ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਮਿਲਦੇ ਸਾਰ ਹੀ ਐਮਰਜੰਸੀ ਕ੍ਰਿਊ ਵੀ ਮੌਕੇ ਉੱਤੇ ਪਹੁੰਚ ਗਿਆ।

ਇਹ ਘਟਨਾ ਸਵੇਰੇ ਲੱਗਭਗ 11:28 ਵਜੇ ਪਾਰਕ ਲਾਅਨ ਰੋਡ ਦੇ ਪੱਛਮ ਵੱਲ ਗ੍ਰੈਂਡ ਐਵਨਿਊ ਉੱਤੇ ਵਾਪਰੀ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਤਿੰਨ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਹਾਦਸੇ ਵਿੱਚ ਜ਼ਖ਼ਮੀ ਹੋਣ ਵਾਲਿਆਂ ਵਿੱਚ ਇੱਕ ਪੁਰਸ਼ ਤੇ ਇੱਕ ਮਹਿਲਾ ਸ਼ਾਮਲ ਸਨ। ਦੋਵਾਂ ਦੀ ਹਾਲਤ ਇਸ ਸਮੇਂ ਸਥਿਰ ਦੱਸੀ ਜਾਂਦੀ ਹੈ।

ਤੀਜੇ ਜ਼ਖ਼ਮੀ ਵਿਅਕਤੀ ਦੀ ਉਮਰ ਤੇ ਲਿੰਗ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਤੇ ਉਸ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹਾਦਸਾ ਕਿਉਂ ਵਾਪਰਿਆ ਤੇ ਪੁਲਿਸ ਡਰਾਈਵਰਾਂ ਨੂੰ ਬਦਲਵੇਂ ਰੂਟ ਅਪਨਾਉਣ ਲਈ ਆਖ ਰਹੀ ਹੈ ਕਿਉਂਕਿ ਇਸ ਏਰੀਆ ਵਿੱਚ ਹਾਦਸੇ ਦੀ ਜਾਂਚ ਚੱਲ ਰਹੀ ਹੈ।

## ਭਾਰਤੀ ਖਾਣੇ ਦੇ ਪ੍ਰਚਾਰ ਲਈ ਯੋਗਦਾਨ ਪਾਉਣ ਵਾਲੇ ਰੈਸਟੋਰੈਂਟਸ ਨੂੰ ਅੰਨਪੂਰਨਾ ਸਰਟੀਫਿਕੇਟ ਦੇਵੇਗੀ ਆਈਸੀਸੀਆਰ



ਟੋਰਾਂਟੋ, 28 ਜੁਲਾਈ (ਪੋਸਟ ਬਿਊਰੋ) :ਭਾਰਤੀ ਖਾਣੇ ਦੇ ਪਰਚਾਰ ਲਈ ਕਮਾਲ ਦਾ ਯੋਗਦਾਨ ਪਾਉਣ ਵਾਲੇ ਰੈਸਟੋਰੈਂਟਸ ਨੂੰ ਮਾਨਤਾ ਦੇਣ ਦੇ ਇਰਾਦੇ ਨਾਲ ਇੰਡੀਅਨ ਕਾਊਂਸਲ ਫੌਰ ਕਲਚਰਲ ਰਿਲੇਸ਼ਨਜ਼ (ਆਈਸੀਸੀਆਰ) ਵੱਲੋਂ ਅੰਨਪੂਰਨਾ ਸਰਟੀਫਿਕੇਟ ਦੇਣ ਦੀ ਯੋਜਨਾ ਬਣਾਈ ਗਈ ਹੈ।

ਇਸ ਸਬੰਧ ਵਿੱਚ ਕੈਨੇਡਾ ਦੇ ਰੈਸਟੋਰੈਂਟਸ ਤੋਂ ਨਾਮਜ਼ਦਗੀਆਂ ਮੰਗੀਆਂ ਗਈਆਂ ਹਨ ਤਾਂ ਕਿ ਉਨ੍ਹਾਂ ਨੂੰ ਆਈਸੀਸੀਆਰ ਕੋਲ ਜਮ੍ਹਾਂ ਕਰਵਾਇਆ ਜਾ ਸਕੇ। ਇਸ ਵਿੱਚ ਹਿੱਸਾ ਲੈਣ ਵਾਲੇ ਰੈਸਟੋਰੈਂਟਸ ਲਈ ਆਮ ਨਿਯਮ ਤੇ ਸ਼ਰਤਾਂ ਰੱਖੀਆਂ ਗਈਆਂ ਹਨ ਤੇ ਇਸ ਦੇ ਨਾਲ ਹੀ ਹੋਰ ਵੇਰਵਿਆਂ ਲਈ ਇੱਕ ਪਰਫੌਰਮਾ ਵੀ ਨਾਲ ਨੱਥੀ ਕੀਤਾ ਗਿਆ ਹੈ।

ਇਸ ਵਿੱਚ ਹਿੱਸਾ ਲੈਣ ਲਈ ਦਿਲਚਸਪੀ ਰੱਖਣ ਵਾਲੇ ਤੇ ਯੋਗ ਰੈਸਟੋਰੈਂਟਸ, ਜਿਹੜੇ ਸੀਜੀਆਈ ਟੋਰਾਂਟੋ ਦੇ ਅਧਿਕਾਰ ਖੇਤਰ ਵਾਲੇ ਇਲਾਕਿਆਂ ਨਾਲ ਸਬੰਧਤ ਹਨ, ਓਰਿਜਨਲ ਰੂਪ ਵਿੱਚ ਆਪਣੀਆਂ ਨਾਮਜ਼ਦਗੀਆਂ 15 ਅਗਸਤ, 2022 ਤੱਕ ਸੀਜੀਆਈ ਟੋਰਾਂਟੋ, 365 ਬਲੂਅਰ ਸਟਰੀਟ ਈਸਟ, ਸੂਈਟ 700, ਟੋਰਾਂਟੋ ਐਮ4ਡਬਲਿਊ3ਐਲ4 (CGI Toronto, 365 Bloor St. East, Suite 700, Toronto M4W 3L4), ਉੱਤੇ ਜਾਂ ਇਸ ਦੀ ਸੌਫਟ ਕਾਪੀ culture.toronto@mea.gov.in ਉੱਤੇ ਭੇਜ ਸਕਦੇ ਹਨ।

## ਈ ਡੀ ਵੱਲੋਂ ਮਨੀ ਲਾਂਡਰਿੰਗ ਕੇਸ ਵਿੱਚ ਸਤੇਂਦਰ ਜੈਨ ਵਿਰੁੱਧ ਚਾਰਜ-ਸ਼ੀਟ ਦਾਖ਼ਲ

ਨਵੀਂ ਦਿੱਲੀ, 28 ਜੁਲਾਈ (ਪੋਸਟ ਬਿਊਰੋ)- ਇਨਫ਼ੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਮਨੀ ਲਾਂਡਰਿੰਗ ਕੇਸ ਵਿੱਚ ਗ੍ਰਿਫ਼ਤਾਰ ਦਿੱਲੀ ਦੇ ਮੰਤਰੀ ਸਤੇਂਦਰ ਜੈਨ ਅਤੇ ਹੋਰਨਾਂ ਵਿਰੁੱਧ ਕੱਲ੍ਹ ਇੱਥੇ ਅਦਾਲਤ ਵਿੱਚ ਚਾਰਜਸ਼ੀਟ ਦਾਖ਼ਲ ਕੀਤੀ ਹੈ। ਵਿਸ਼ੇਸ਼ ਜੱਜ ਗੀਤਾਂਜਲੀ ਗੋਇਲ ਵੱਲੋਂ ਛੇਤੀ ਹੀ ਇਸ ਦੀ ਸੁਣਵਾਈ ਕਰਨ ਦੀ ਸੰਭਾਵਨਾ ਹੈ।

ਵਰਨਣ ਯੋਗ ਹੈ ਕਿ ਸਤੇਂਦਰ ਜੈਨ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ ਐਮ ਐਲ ਏ) ਅਧੀਨ ਗ੍ਰਿਫ਼ਤਾਰ ਕੀਤਾ ਗਿਆ ਹੈ। ਈ ਡੀ ਨੇ 24 ਅਗਸਤ 2017 ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਹੇਠ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਵੱਲੋ ਦਰਜ ਕੀਤੇ ਕੇਸ ਦੇ ਆਧਾਰ ਉੱਤੇ ਸਤੇਂਦਰ ਜੈਨ ਤੇ ਹੋਰਾਂ ਵਿਰੁੱਧ ਮਨੀ ਲਾਂਡਰਿੰਗ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਵਿੱਚ ਸੀ ਬੀ ਆਈ ਨੇ ਦੋਸ਼ ਲਾਇਆ ਹੈ ਕਿ ਜੈਨ ਨੇ 14 ਫ਼ਰਵਰੀ 2015 ਤੋਂ 31 ਮਈ 2017 ਦੌਰਾਨ ਦਿੱਲੀ ਸਰਕਾਰ ਦਾ ਮੰਤਰੀ ਹੁੰਦਿਆਂ ਆਪਣੀ ਆਮਦਨ ਦੇ ਜਾਣੇ-ਪਛਾਣੇ ਸਰੋਤਾਂ ਤੋਂ ਵੱਧ ਜਾਇਦਾਦਾਂ ਇਕੱਠੀਆਂ ਕੀਤੀਆਂ ਹਨ।

ਇਨਫ਼ੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਮਨੀ ਲਾਂਡਰਿੰਗ ਰੋਕੂ ਕਾਨੂੰਨ 2002 ਹੇਠ ਜੈਨ ਦੇ ਪਰਵਾਰ ਅਤੇ ਕੰਪਨੀਆਂ ਦੀ 4.81 ਕਰੋੜ ਰੁਪਏ ਦੀ ਅਚੱਲ ਜਾਇਦਾਦ ਕੁਰਕ ਵੀ ਕਰ ਲਈ ਸੀ। ਇਸ ਵਿੱਚ ਅਕਿੰਚਨ ਡਿਵੈਲਪਰਜ਼ ਪ੍ਰਾਈਵੇਟ ਲਿਮਟਿਡ, ਇੰਡੋ ਮੈਟਲ ਇੰਪੈਕਸ ਪ੍ਰਾਈਵੇਟ ਲਿਮਟਿਡ ਤੇ ਹੋਰ ਕੰਪਨੀਆਂ ਦੀ ਜਾਇਦਾਦ ਸ਼ਾਮਲ ਸੀ। ਜੈਨ ਉੱਤੇ ਦੋਸ਼ ਹੈ ਕਿ ਉਨ੍ਹਾਂ ਨੇ ਦਿੱਲੀ ਵਿੱਚ ਕਈ ਸ਼ੈਲ ਕੰਪਨੀਆਂ ਲਾਂਚ ਕੀਤੀਆਂ ਜਾਂ ਖ਼ਰੀਦੀਆਂ ਤੇ ਕੋਲਕਾਤਾ ਵਿੱਚ ਤਿੰਨ ਹਵਾਲਾ ਆਪਰੇਟਰਾਂ ਦੀਆਂ 54 ਸ਼ੈਲ ਕੰਪਨੀਆਂ ਰਾਹੀਂ 16.39 ਕਰੋੜ ਰੁਪਏ ਦਾ ਕਾਲਾ ਧਨ ਸਫੈਦ ਕੀਤਾ ਸੀ। ਜੈਨ ਦੇ ਕੋਲ ਪ੍ਰਯਾਸ, ਇੰਡੋ ਅਤੇ ਅਕਿੰਚਨ ਨਾਮ ਦੀਆਂ ਕੰਪਨੀਆਂ ਵਿੱਚ ਵੱਡੀ ਗਿਣਤੀ ਸ਼ੇਅਰ ਸਨ। ਰਿਪੋਰਟਾਂ ਮੁਤਾਬਕ 2015 ਵਿੱਚ ਕੇਜਰੀਵਾਲ ਸਰਕਾਰ ਦਾ ਮੰਤਰੀ ਬਣਨ ਪਿੱਛੋਂ ਜੈਨ ਦੇ ਸਾਰੇ ਸ਼ੇਅਰ ਆਪਣੀ ਪਤਨੀ ਦੇ ਨਾਂ ਕਰ ਦਿੱਤੇ ਸਨ।

## ਰੌਜਰਜ਼ ਨਾਲ ਸਬੰਧਾਂ ਕਾਰਨ ਮੇਅਰ ਟੋਰੀ ਖਿਲਾਫ ਕੀਤੀ ਗਈ ਸ਼ਿਕਾਇਤ



ਟੋਰਾਂਟੋ, 28 ਜੁਲਾਈ (ਪੋਸਟ ਬਿਊਰੋ) : ਰੌਜਰਜ਼ ਨਾਲ ਚਿਰਾਂ ਤੋਂ ਚੱਲੇ ਆ ਰਹੇ ਸਬੰਧਾਂ ਨੂੰ ਲੈ ਕੇ ਮੇਅਰ ਜੌਹਨ ਟੋਰੀ ਖਿਲਾਫ ਸ਼ਿਕਾਇਤੀ ਕੀਤੀ ਗਈ ਹੈ। ਇਸ ਦੇ ਨਾਲ ਹੀ ਸਿਟੀ ਕਾਊਂਸਲ ਵੱਲੋਂ ਲੇਕ ਸ਼ੋਰ ਦੇ ਨਾਲ ਵੀਕੈਂਡ ਉੱਤੇ ਹੋਣ ਵਾਲੇ ਰੋਡ ਕਲੋਜ਼ਰ ਨੂੰ ਸੀਮਤ ਕਰਨ ਲਈ ਪਾਈ ਗਈ ਵੋਟ ਉੱਤੇ ਵੀ ਇਤਰਾਜ਼ ਕੀਤਾ ਗਿਆ ਹੈ।

ਸਿਵਿਕ ਐਕਟੀਵਿਸਟ ਐਡਮ ਚਾਲੈਫ ਨੇ ਮਿਊਂਸਪਲ ਇੰਟੇਗ੍ਰਿਟੀ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਵਿੱਚ ਆਖਿਆ ਗਿਆ ਹੈ ਕਿ ਪਿਛਲੇ ਮਹੀਨੇ ਜਦੋਂ ਟੋਰੀ ਨੇ ਲੇਕ ਸ਼ੋਰ ਬੁਲੇਵਾਰਡ ਵੈਸਟ ਐਕਟਿਵ ਟੀਓ ਰੋਡ ਕਲੋਜ਼ਰ ਨੂੰ ਖ਼ਤਮ ਕਰਨ ਲਈ ਵੋਟ ਕੀਤੀ ਸੀ ਤੇ ਗੱਲ ਕੀਤੀ ਸੀ ਤਾਂ ਉਸ ਵਿੱਚ ਉਨ੍ਹਾਂ ਦੇ ਨਿਜੀ ਹਿਤ ਲੁਕੇ ਹੋਏ ਸਨ। ਚਾਲੈਫ ਨੇ ਆਖਿਆ ਕਿ ਰੌਜਰਜ਼ ਦੀ ਮਲਕੀਅਤ ਵਾਲੀ ਕੰਪਨੀ ਬਲੂ ਜੇਅਜ਼ ਵੱਲੋਂ ਸਿੱਧੇ ਟੋਰੀ ਨਾਲ ਸੰਪਰਕ ਕਰਕੇ ਇਹ ਆਖਿਆ ਗਿਆ ਸੀ ਕਿ ਇਹ ਸੜਕ ਬੰਦ ਰਹਿਣ ਨਾਲ ਉਨ੍ਹਾਂ ਦੇ ਕਾਰੋਬਾਰ ਉੱਤੇ ਅਸਰ ਪੈਂਦਾ ਹੈ।

ਜ਼ਿਕਰਯੋਗ ਹੈ ਕਿ ਟੋਰਾਂਟੋ ਬਲੂ ਜੇਅਜ਼ ਦੇ ਪ੍ਰੈਜ਼ੀਡੈਂਟ ਮਾਰਕ ਸ਼ੈਪੀਰੋ ਨੇ ਜੂਨ ਵਿੱਚ ਹੋਣ ਵਾਲੀ ਕਾਊਂਸਲ ਦੀ ਮੀਟਿੰਗ ਤੋਂ ਪਹਿਲਾਂ ਇਹ ਗੱਲ ਆਖੀ ਸੀ ਕਿ ਸੜਕ ਬੰਦ ਹੋਣ ਨਾਲ ਫੈਨਜ਼ ਨੂੰ ਟੀਮ ਦੀ ਹੋਮ ਗੇਮਜ਼ ਲਈ ਰੌਜਰਜ਼ ਸੈਂਟਰ ਤੱਕ ਪਹੁੰਚਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ। ਇਹ ਟੀਮ ਰੌਜਰਜ਼ ਕਮਿਊਨਿਕੇਸ਼ਨਜ਼ ਦੀ ਮਲਕੀਅਤ ਹੈ।

ਫਿਰ ਮੇਅਰ ਨੇ ਸ਼ੈਪੀਰੋ ਦੀ ਬੇਨਤੀ ਉੱਤੇ ਬਹੁਗਿਣਤੀ ਕਾਊਂਸਲਰਜ਼ ਨਾਲ ਵੋਟ ਕੀਤਾ ਤਾਂ ਕਿ ਲੇਕ ਸ਼ੋਰ ਵੈਸਟ ਉੱਤੇ ਐਕਟਿਵ ਟੀਓ ਰੋਡ ਕਲੋਜ਼ਰ ਨੂੰ ਸੀਮਤ ਸਪੈਸ਼ਲ ਈਵੈਂਟ ਵਜੋਂ ਐਡਵਾਂਸ ਵਿੱਚ ਹੀ ਪਲੈਨ ਕੀਤਾ ਜਾਵੇ। ਜੂਨ ਵਿੱਚ ਦਿੱਤੇ ਆਪਣੇ ਬਿਆਨ ਬਾਰੇ ਬਲੂ ਜੇਅਜ਼ ਦੇ ਪ੍ਰੈਜ਼ੀਡੈਂਟ ਦੀ ਆਨਲਾਈਨ ਕਾਫੀ ਨੁਕਤਾਚੀਨੀ ਕੀਤੀ ਗਈ। ਉਸ ਸਮੇਂ ਮੇਅਰ ਟੋਰੀ ਨੇ ਜਨਤਕ ਤੌਰ ਉੱਤੇ ਆਖਿਆ ਕਿ ਦੋਵਾਂ ਧਿਰਾਂ ਦੀ ਗੱਲ ਸੁਣਨਾ ਬਹੁਤ ਜ਼ਰੂਰੀ ਹੈ।

ਸ਼ਿਕਾਇਤਕਰਤਾ ਨੇ ਆਖਿਆ ਕਿ ਮੇਅਰ ਟੋਰੀ ਵੱਲੋਂ ਕੀਤੀਆਂ ਟਿੱਪਣੀਆਂ ਤੇ ਉਨ੍ਹਾਂ ਵੱਲੋਂ ਕੀਤੀ ਵੋਟ ਉਨ੍ਹਾਂ ਦੇ ਨਿਜੀ ਹਿਤਾਂ ਨੂੰ ਦਰਸਾਉਂਦੀ ਹੈ ਤੇ ਇਹ ਮਿਊਂਸਪਲ ਕੌਨਫਲਿਕਟ ਆਫ ਇੰਟਰਸਟ ਐਕਟ ਦੀ ਉਲੰਘਣਾ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant



ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca

GroVerCPA Professional Corporation

214-7895 Tranmere Drive, Mississauga ON L5S 1V9

## ਅੱਜ ਨਾਮਾ

ਜਨਤਾਆਗੂ ਤੋਂ ਅਕਲ ਲਈ ਆਸ ਕਰਦੀ,
ਬੋਲਦਾਆਗੂ ਨਹੀਂ ਅਕਲ ਦੇ ਨਾਲ ਮੀਆਂ।
ਜਿਸ ਤਰ੍ਹਾਂ ਅਕਲ ਦਾ ਸੱਤਿਆ ਨਾਸ ਕੀਤਾ,
ਪਾਰਲੀਮੈਂਟ ਵਿੱਚ ਦਿੱਸ ਰਿਹਾ ਹਾਲ ਮੀਆਂ।
ਹਰ ਕੋਈ ਦੂਜੇ ਨੂੰ ਪੈਂਦਾ ਜਿਉਂ ਝਈ ਲੈ ਕੇ,
ਰਹਿੰਦੇ ਹਨ ਪਕੜਨੇ ਸਿਰਾਂ ਦੇ ਵਾਲ ਮੀਆਂ।
ਲੀਹ ਤੋਂ ਲੱਥੀ ਜਦ ਭਾਰਤ ਵਿੱਚ ਰਾਜਨੀਤੀ,
ਲਿਆਊਗਾ ਚੱਜ ਦੇ ਕਦੋਂ ਕੋਈ ਭਾਲ ਮੀਆਂ।
ਆਉਂਦੀ ਲੋਕਾਂ ਨੂੰ ਸ਼ਰਮ ਪਈ ਬਹੁਤ ਵਾਰੀ,
ਲੀਡਰਾਂ ਲਾਗੇ ਪਰ ਕਦੀ ਇਹ ਆਈ ਨਾਹੀਂ।
ਵਿਗੜੇ ਹੋਇਆਂ ਵਿਚਾਲੇ ਕੁਝ ਅਕਲ ਵਾਲੀ,
ਕਦੇ ਕੋਈ ਆਵਾਜ਼ ਹੀ ਪਈ ਸੁਣਾਈ ਨਾਹੀਂ।

**ਤੀਸ ਮਾਰ ਖਾਂ**

# ਸੁਖਬੀਰ ਬਾਦਲ ਵੱਲੋਂ ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ

* ਪਾਰਟੀ ਅੰਦਰ ਵਧਦੇ ਵਿਰੋਧ ਨੂੰ ਠੱਲ੍ਹਣ ਦਾ ਯਤਨ * ਅਕਾਲੀ ਦਲ ਚਾਪਲੂਸਾਂ ਨੇ ਬਾਦਲ ਪਰਿਵਾਰ ਪਾਰਟੀ ਬਣਾ ਦਿਤੈ: ਦਾਦੂਵਾਲ

ਚੰਡੀਗੜ੍ਹ, 28 ਜੁਲਾਈ, (ਪੋਸਟ ਬਿਊਰੋ)- ਇਸ ਸਾਲ ਫਰਵਰੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਹੋਈ ਹਾਰ ਦੇ ਨਤੀਜਿਆਂ ਦੀ ਘੋਖ ਕਰਨ ਲਈ ਬਣਾਈ ਗਈ ਇਕਬਾਲ ਸਿੰਘ ਝੂੰਦਾਂ ਕਮੇਟੀ ਦੀਆਂ ਸਿਫ਼ਾਰਸ਼ਾਂਦੇ ਮੁਤਾਬਕ ਪਾਰਟੀ ਦੇ ਅੰਦਰ ਕਾਰਵਾਈ ਦੀ ਮੰਗ ਲਈ ਵਧਦੇ ਦਬਾਅ ਦੇ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਪਾਰਟੀ ਦਾ ਸਮੁੱਚਾ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਅਕਾਲੀ ਦਲਦੇ ਬਿਆਨ ਮੁਤਾਬਕ ਪਾਰਟੀ ਦੀ ਕੋਰ ਕਮੇਟੀ ਸਮੇਤ ਸਾਰੀਆਂ ਕਮੇਟੀਆਂ ਭੰਗ ਕਰ ਦਿੱਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਵਰਕਿੰਗ ਕਮੇਟੀ, ਸਾਰੇ ਅਹੁਦੇਦਾਰ ਅਤੇ ਪਾਰਟੀ ਦੇ ਹੋਰ ਸਾਰੇ ਵਿੰਗ ਸ਼ਾਮਲਸਨ।ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਅਕਾਲੀ ਦਲ ਦੀ ਕੋਰ ਕਮੇਟੀ, ਜਿਹੜੀ ਇਸਦਲ ਦੀ ਫ਼ੈਸਲਾ ਲੈਣ ਵਾਲੀ ਸਰਬ ਉੱਚ ਕਮੇਟੀ ਹੈ, ਨੇ ਇਕਬਾਲ ਸਿੰਘ ਝੂੰਦਾਂ ਕਮੇਟੀ ਦੀ ਰਿਪੋਰਟ ਉੱਤੇ ਵਿਚਾਰ ਕਰ ਕੇ ਇਸ ਰਿਪੋਰਟ ਨੂੰ ਪ੍ਰਵਾਨ ਕਰਨ ਪਿੱਛੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਿਫ਼ਾਰਸ਼ਾਂ ਲਾਗੂ ਕਰਨ ਲਈ ਲੋੜੀਂਦੇ ਕਦਮ ਚੁੱਕਣ ਦੇ ਅਧਿਕਾਰ ਦੇਦਿੱਤੇ ਸਨ।ਇਸ ਕਮੇਟੀ ਨੇ ਸਿਫ਼ਾਰਸ਼ ਕੀਤੀ ਸੀ ਕਿ ਪਾਰਟੀ ਦਾ ਜਥੇਬੰਦਕ ਢਾਂਚਾ ਭੰਗ ਕਰ ਕੇ ਨਵੇਂ ਸਿਰੇ ਤੋਂ ਬਣਾਇਆ ਜਾਵੇ ਅਤੇ ਪੰਥਕ ਤੇ ਪੰਜਾਬੀ ਹਿੱਤਾਂ ਅਤੇ ਕਦਰਾਂ-ਕੀਮਤਾਂ ਅਨੁਸਾਰ ਪਾਰਟੀ



ਵਿੱਚ ਨਵਾਂ ਜਜ਼ਬਾ ਭਰਿਆ ਜਾਵੇ ਅਤੇ ਏਦਾਂ ਕਰਨ ਮੌਕੇ ਪਾਰਟੀ ਦੇ ਹੇਠਲੇ ਵਰਕਰਾਂ ਤੇ ਸੀਨੀਅਰ ਲੀਡਰਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਿਆ ਜਾਵੇ। ਕਮੇਟੀ ਨੇਇਹ ਵੀ ਸਿਫ਼ਾਰਸ਼ ਕੀਤੀ ਸੀ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਪੁਨਰ-ਗਠਨ ਵੇਲੇ ਨੌਜਵਾਨਾਂ ਦੀਆਂ ਇੱਛਾਵਾਂ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ।ਅਕਾਲੀ ਦਲ ਦੇ ਸੂਤਰਾਂ ਮੁਤਾਬਕ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਪੁਨਰ-ਗਠਨ ਲਈ ਸੀਨੀਅਰ ਸਾਥੀਆਂ ਨਾਲ ਵਰਕਰਾਂ ਸਲਾਹ-ਮਸ਼ਵਰਾ ਕਰਨਗੇਅਤੇਵੱਖ-ਵੱਖ ਪੰਜਾਬੀ ਤੇ ਪੰਥਕ ਹਸਤੀਆਂ, ਖਾਸ ਤੌਰ ਉੱਤੇ ਬੁੱਧੀਜੀਵੀਆਂ, ਲੇਖਕਾਂ, ਧਾਰਮਿਕ ਅਤੇ ਸਿਆਸੀ ਬੁਲਾਰਿਆਂ ਅਤੇ ਰਾਏ ਬਣਾਉਣ ਵਾਲਿਆਂ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ, ਅਧਿਆਪਕਾਂ, ਵਪਾਰੀਆਂ, ਘਰੇਲੂ ਔਰਤਾਂ ਅਤੇ ਨੌਜਵਾਨਾਂ ਸਮੇਤ ਵੱਖ-ਵੱਖ ਵਰਗਾਂ ਦੇ ਪ੍ਰਤੀਨਿਧਾਂ ਨਾਲ ਵਿਚਾਰ ਕਰਨਗੇ।

ਦੂਸਰੇ ਪਾਸੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਹੈ ਕਿਪੰਥ-ਦੁਸ਼ਮਣ ਤਾਕਤਾਂ ਨੇ ਜਦੋਂ ਕਦੇ ਪੰਥ ਉੱਤੇ ਕੋਈ ਹਮਲਾ ਕੀਤਾ ਤਾਂ ਅਕਾਲੀ ਦਲ ਨੇ ਮੋਹਰੀ ਰੋਲ ਅਦਾ ਕਰਕੇ ਮੋਰਚੇ, ਜੇਲਾਂ, ਮੁਕੱਦਮੇ ਤੇ ਜਾਨਾਂ ਵਾਰਨ ਦੀ ਪ੍ਰਵਾਹ ਨਹੀਂ ਕੀਤੀ ਤੇ ਕੁਰਬਾਨੀਆਂ ਦਾ ਲੰਮਾ ਇਤਿਹਾਸ ਇਸ ਪਾਰਟੀ ਦਾ ਸਰਮਾਇਆ ਸੀ, ਪਰ ਚਾਪਲੂਸਾਂ ਨੇ ਇਸ ਨੂੰ ਬਾਦਲ ਪਰਿਵਾਰ ਦੀ ਪਾਰਟੀ ਬਣਾਦਿੱਤਾ ਹੈ। ਲਿਖਤੀ ਪ੍ਰੈੱਸ ਨੋਟ ਨਾਲਸੰਤ ਦਾਦੂਵਾਲ ਨੇ ਕਿਹਾ ਕਿ ਸੁਰਮੁਖ ਸਿੰਘ ਝਬਾਲ ਤੇ ਜਥੇਦਾਰ ਮੋਹਣ ਸਿੰਘ ਤੁੜ ਜਿਹੇ ਆਗੂ ਅਕਾਲੀ ਦਲ ਦੇ ਪ੍ਰਧਾਨ ਰਹੇ ਸਨ, ਜਿਨ੍ਹਾਂ ਦਾ ਨਾਂਅ ਲੈਂਦਿਆਂ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ, ਪਰ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੀ ਵਾਰੀ ਆਈ ਤਾਂ ਹੈਰਾਨੀ ਹੁੰਦੀ ਹੈ ਕਿਇਨ੍ਹਾਂਨੇ ਕੁਰਬਾਨੀਆਂ ਵਾਲੀ ਪਾਰਟੀ ਉੱਤੇ ਕਬਜ਼ਾ ਕਰ ਕੇ ਇਸ ਨੂੰ ਆਪਣੀ ਪਰਿਵਾਰਕ ਪਾਰਟੀ ਵਿੱਚਕਿਸ ਤਰ੍ਹਾਂ ਬਦਲ ਦਿੱਤਾ ਹੈ।

## ਟੀਚਰ ਭਰਤੀ ਘਪਲੇ ਵਿਚ ਮਮਤਾ ਬੈਨਰਜੀ ਨੇ ਦਾਗੀ ਮੰਤਰੀ ਪਾਰਥ ਚੈਟਰਜੀ ਨੂੰ ਕੈਬਨਿਟ ਵਿੱਚੋਂ ਕੱਢਿਆ

* ਛਾਪਿਆਂ ਵਿੱਚ 28 ਕਰੋੜ ਨਕਦ ਤੇ 5 ਕਰੋੜ ਦੇ ਗਹਿਣੇ ਬਰਾਮਦ

ਕੋਲਕਾਤਾ, 28 ਜੁਲਾਈ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਜਾਂਚ ਵਿੱਚਉਲਝਣ ਪਿੱਛੋਂ ਗ੍ਰਿਫਤਾਰ ਕੀਤੇ ਗਏ ਪੱਛਮੀ ਬੰਗਾਲ ਦੇ ਉਦਯੋਗ ਤੇ ਵਪਾਰ ਮੰਤਰੀ ਪਾਰਥ ਚੈਟਰਜੀ ਨੂੰ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਆਪਣੀ ਕੈਬਨਿਟ ਵਿੱਚੋਂ ਕੱਢਦਿੱਤਾ ਹੈ।ਰਾਜ ਦੇ ਚੀਫ ਸੈਕਟਰੀ ਵੱਲੋਂ ਜਾਰੀ ਸਰਕੂਲਰ ਮੁਤਾਬਕ ਪਾਰਥ ਚੈਟਰਜੀ ਨੂੰ ਉਦਯੋਗ ਮੰਤਰੀ ਅਤੇ ਹੋਰ ਸਰਕਾਰੀ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਕੈਬਨਿਟ ਮੰਤਰੀ ਵਜੋਂ ਪਾਰਥ ਚੈਟਰਜੀ ਕੋਲ ਸੂਚਨਾ ਅਤੇ ਪ੍ਰਸਾਰਨਦੇ ਨਾਲ ਪਾਰਲੀਮੈਂਟਰੀ ਮਾਮਲਿਆਂ ਦਾ ਵਿਭਾਗ ਵੀ ਸੀ।ਉਸ ਵਿਰੁੱਧ ਮਮਤਾ ਬੈਨਰਜੀ ਨੇ ਇਹ ਸਖਤ ਕਾਰਵਾਈ ਉਸ ਦੀ ਸਹਿਯੋਗੀ ਅਰਪਿਤਾ ਮੁਖਰਜੀ ਦੇ ਟਿਕਾਣਿਆਂ ਤੋਂ 50 ਕਰੋੜ ਰੁਪਏ ਤੋਂ ਵੱਧ ਨਕਦੀ ਤੇ ਵੱਡੀ ਮਾਤਰਾਸੋਨਾ ਮਿਲਣ ਪਿੱਛੋਂ ਕੀਤੀ ਹੈ।ਪਾਰਥ ਚੈਟਰਜੀ ਤੇ ਅਰਪਿਤਾ ਇਸ ਸਮੇਂ ਈ ਡੀ ਦੀ ਹਿਰਾਸਤ ਵਿੱਚ ਹਨ। ਇਹ ਕੇਸਪਾਰਥ ਚੈਟਰਜੀ ਦੇ ਸਿੱਖਿਆ ਮੰਤਰੀ ਹੋਣ ਵੇਲੇ ਪੱਛਮੀ ਬੰਗਾਲ ਵਿੱਚ ਹੋਏਟੀਚਰ ਭਰਤੀਦੇ ਵੱਡੇ



ਘਪਲੇ ਅਤੇ ਲੈਣ-ਦੇਣ ਨਾਲ ਜੁੜਿਆ ਹੋਇਆ ਹੈ।

ਇਸ ਦੌਰਾਨ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਅਧਿਕਾਰੀਆਂ ਨੇਟੀਚਰ ਭਰਤੀ ਘੋਟਾਲਾ ਕੇਸਵਿੱਚਅੱਜ ਦੇ ਤਾਜ਼ਾ ਛਾਪੇ ਦੌਰਾਨ ਪੱਛਮੀ ਬੰਗਾਲ ਦੇ ਉੱਤਰੀ 24-ਪਰਗਨਾ ਵਿੱਚ ਮੰਤਰੀ ਦੀ ਨੇੜਲੀ ਸਹਿਯੋਗਣ ਅਰਪਿਤਾ ਮੁਖਰਜੀ ਦੇ ਬੇਲਘੋਰੀਆ ਫਲੈਟ ਤੋਂ 5 ਕਿਲੋ ਸੋਨੇ ਦੇ ਨਾਲ 28 ਕਰੋੜ ਰੁਪਏ ਨਕਦੀ ਹੋਰ ਲੱਭੀ ਹੈ। ਇਸ ਦੀ ਗਿਣਤੀ ਬੁੱਧਵਾਰ ਸ਼ਾਮ ਤੋਂ ਵੀਰਵਾਰ ਸਵੇਰੇ 4 ਵਜੇ ਤੱਕ ਮਸ਼ੀਨਾਂ ਨਾਲ ਹੁੰਦੀ ਰਹੀ। ਜਾਂਚ ਏਜੰਸੀ ਮੁਤਾਬਕ ਅਰਪਿਤਾ ਮੁਖਰਜੀ ਦੇ ਅਹਾਤੇ ਤੋਂ ਮਿਲੀ ਕੁੱਲ ਨਕਦੀ ਲਗਭਗ 50 ਕਰੋੜ ਰੁਪਏ ਬਣੀ ਹੈ।ਇੱਕ ਰਿਪੋਰਟ ਮੁਤਾਬਕ ਈਡੀ ਅਧਿਕਾਰੀਆਂ ਨੇ ਬੁੱਧਵਾਰ ਸਵੇਰੇ ਤੋਂ 18 ਘੰਟੇ ਅਰਪਿਤਾ ਮੁਖਰਜੀ ਦੇ ਬੇਲਘੋਰੀਆ ਫਲੈਟ ਉੱਤੇਜਾਂਚ ਕੀਤੀ ਤਾਂ ਲਗਭਗ 22 ਕਰੋੜ ਰੁਪਏ ਨਕਦੀ ਤੇ ਸੋਨਾ ਮਿਲਿਆ, ਜਿਸ ਨਾਲ ਕੁੱਲ ਨਕਦੀ 50 ਕਰੋੜ ਰੁਪਏ ਤੋਂ ਟੱਪ ਗਈ ਹੈ।ਮੌਕੇ ਦੀ ਫੋਟੋਆਂ ਵਿੱਚਦਿੱਸਦਾ ਹੈ ਕਿ ਈਡੀ ਅਧਿਕਾਰੀ ਇਸ ਰਾਜ ਦੇ ਮੰਤਰੀ ਪਾਰਥ ਚੈਟਰਜੀ ਦੇ ਸਹਿਯੋਗੀ ਮੁਖਰਜੀ ਦੇ ਘਰੋਂ ਮਿਲੀ ਨਕਦੀ ਤੇ ਗਹਿਣਿਆਂ ਨਾਲ ਭਰੇ ਘੱਟੋ-ਘੱਟ 10 ਟਰੰਕਾਂ ਨੂੰ ਇੱਕ ਟਰੱਕ ਵਿੱਚਭਰ ਰਹੇ ਸਨ। ਈਡੀ ਨੇ ਪਿਛਲੇ ਸ਼ੁੱਕਰਵਾਰ ਨੂੰ ਮਾਡਲ ਤੋਂ ਮੰਤਰੀ ਦੀ ਨਜ਼ਦੀਕੀ ਬਣੀ ਅਰਪਿਤਾ ਮੁਖਰਜੀ ਦੇ ਫਲੈਟ ਤੋਂ 21.9 ਕਰੋੜ ਰੁਪਏ ਨਕਦੀ, 70 ਲੱਖ ਰੁਪਏ ਤੋਂ ਵੱਧ ਦਾ ਸੋਨਾ ਅਤੇ 50 ਲੱਖ ਡਾਲਰ ਤੋਂ ਵੱਧ ਹੋਰ ਸਮਾਨ ਜ਼ਬਤ ਕਰ ਕੇ ਉਸ ਗ੍ਰਿਫਤਾਰ ਕਰ ਲਿਆ ਸੀ।

## ਭਾਰਤੀ ਫੌਜ ਦਾ ਮਿੱਗ ਜਹਾਜ਼ ਕ੍ਰੈਸ਼, ਦੋਵੇਂ ਪਾਇਲਟਾਂ ਦੀ ਮੌਤ

ਜੋਧਪੁਰ, 28 ਜੁਲਾਈ, (ਪੋਸਟ ਬਿਊਰੋ)- ਰਾਜਸਥਾਨ ਦੇ ਬਾੜਮੇਰ ਵਿੱਚ ਵੀਰਵਾਰ ਰਾਤ ਇੱਕਮਿੱਗ ਜਹਾਜ਼ ਕਰੈਸ਼ ਹੋ ਗਿਆ, ਜਿਸ ਕਾਰਨ ਜਹਾਜ਼ ਦੇ ਦੋਵੇਂ ਪਾਇਲਟਾਂ ਦੀ ਮੌਤ ਹੋ ਗਈ।

ਅੱਖੀਂ ਵੇਖਣ ਵਾਲਿਆਂ ਮੁਤਾਬਕ ਪਿੰਡ ਵਿੱਚ ਜ਼ੋਰਦਾਰ ਧਮਾਕੇ ਨਾਲ ਲੋਕਾਂ ਨੇ ਅੱਗ ਦਾ ਇੱਕ ਗੋਲਾ ਦਿੱਸਿਆ ਸੀ। ਭਾਰਤੀ ਹਵਾਈ ਫੌਜ ਨੇ ਹਾਦਸੇ ਦੇ ਕਾਰਨ ਜਾਣਨ ਲਈ ਕੋਰਟ ਆਫ ਇਨਕੁਆਰੀ ਦੇ ਹੁਕਮ ਦਿੱਤੇ ਹਨ।ਆਮ ਲੋਕਾਂ ਨੇ ਦੱਸਿਆ ਕਿ ਜਹਾਜ਼ ਨੂੰ ਉੱਪਰੋਂ ਅੱਗ ਲੱਗ ਜਾਣ ਪਿੱਛੋਂ ਪਾਇਲਟ ਨੇ ਇਸ ਨੂੰ ਲੈਂਡ ਕਰਨ ਲਈ ਭੀਮਦਾ ਪਿੰਡ ਦੇ ਉੱਪਰ 2-3 ਚੱਕਰ ਲਾਏ ਅਤੇ ਫਿਰ ਪਿੰਡ ਤੋਂ ਥੋੜ੍ਹੀ ਦੂਰ ਜਹਾਜ਼ ਡਿੱਗ ਪਿਆ। ਘਟਨਾ ਰਾਤ ਦੇ ਕਰੀਬ 9 ਵਜੇ ਦੀ ਦੱਸੀ ਗਈ ਹੈ। ਹਾਦਸੇ ਤੋਂ ਬਾਅਦ ਜਹਾਜ਼ ਦਾ ਮਲਬਾ ਅੱਧਾ ਕਿਲੋਮੀਟਰ ਦੂਰ ਤੱਕ ਖਿੱਲਰਿਆ ਪਿਆ ਸੀ।

ਇਸ ਤੋਂ ਪਹਿਲਾਂ 21 ਅਕਤਬਰ 2021 ਨੂੰਮੱਧ ਪ੍ਰਦੇਸ਼ ਦੇ ਭਿੰਡ ਜ਼ਿਲੇਵਿੱਚ ਭਾਰਤੀ ਹਵਾਈ ਸੈਨਾ ਦਾ ਮਿਰਾਜ 2000 ਕਰੇਸ਼ ਹੋ ਗਿਆ ਸੀ। ਫਿਰ 25 ਅਗਸਤ 2021 ਨੂੰ ਰਾਜਸਥਾਨ ਦੇ ਬਾੜਮੇਰ ਵਿੱਚ ਟ੍ਰੇਨਿੰਗ ਵੇਲੇ ਮਿੱਗ-21 ਜਹਾਜ਼ ਡਿੱਗ ਪਿਆ ਤੇ



20 ਮਈ 2021 ਨੂੰ ਪੰਜਾਬ ਦੇ ਮੋਗਾ ਜ਼ਿਲੇਵਿੱਚਮਿੱਗ-21 ਜਹਾਜ਼ ਕਰੈਸ਼ ਹੋਣ ਨਾਲ ਪਾਇਲਟ ਮਾਰਿਆ ਗਿਆ ਸੀ।ਫਿਰ17 ਮਾਰਚ 2021 ਨੂੰ ਮੱਧ ਪ੍ਰਦੇਸ਼ ਦੇ ਗਵਾਲੀਅਰ ਵਿੱਚਮਿੱਗ-21 ਬਾਇਸਨ ਜਹਾਜ਼ ਕਰੈਸ਼ ਹੋ ਗਿਆ, ਜਿਸ ਵਿੱਚ ਹਵਾਈ ਫੌਜ ਦਾ ਗਰੁੱਪ ਕੈਪਟਨ ਮਾਰਿਆ ਗਿਆ ਸੀ।5 ਜਨਵਰੀ 2021 ਨੂੰ ਮਿੱਗ-21 ਬਾਇਸਨ ਜਹਾਜ਼ ਰਾਜਸਥਾਨ ਦੇ ਸੂਰਤਗੜ੍ਹ ਵਿੱਚ ਲੈਂਡਿੰਗ ਵੇਲੇ ਕ੍ਰੈਸ਼ ਹੋ ਗਿਆ ਸੀ ਅਤੇਫਰਵਰੀ 2019 ਵਿੱਚ ਹਵਾਈ ਫੌਜ ਦੀ ਐਰੋਬੈਟਿਕ ਟੀਮ ਸੂਰਿਆ ਕਿਰਨ ਦੇ ਦੋ ਜਹਾਜ਼ ਹਵਾ ਵਿੱਚਇੱਕ ਦੂਸਰੇ ਨਾਲ ਟਕਰਾ ਕੇ ਕਰੈਸ਼ ਹੋਏ ਸਨ।ਅਕਤੂਬਰ 2017 ਵਿੱਚ ਅਰੁਣਾਚਲ ਪ੍ਰਦੇਸ਼ ਦੇ ਤਵਾਂਗ ਨੇੜੇ ਹਵਾਈ ਸੈਨਾ ਦਾ ਹੈਲੀਕਾਪਟਰ ਕ੍ਰੈਸ਼ ਹੋਣ ਨਾਲਸੱਤ ਲੋਕ ਮਾਰੇ ਗਏ ਸਨ। ਦਸੰਬਰ 2015 ਵਿੱਚ ਬੀਐਸਐਫ ਦੇ ਜਵਾਨਾਂ ਦਾ ਜਹਾਜ਼ ਦਿੱਲੀ ਹਵਾਈ ਅੱਡੇ ਦੇ ਨੇੜੇ ਕਰੈਸ਼ ਹੋ ਗਿਆ ਸੀ।

ਕਾਂਗਰਸ ਆਗੂ ਅਧੀਰ ਚੌਧਰੀ ਦੀ ਸਫ਼ਾਈ

## ਰਾਸ਼ਟਰਪਤੀ ਮੁਰਮੂ ਬਾਰੇ 'ਰਾਸ਼ਟਰਪਤਨੀ' ਸ਼ਬਦ ਗਲਤੀ ਨਾਲ ਮੂੰਹੋਂ ਨਿਕਲ ਗਿਆ ਸੀ

* ਪਾਰਲੀਮੈਂਟ ਵਿੱਚ ਸੋਨੀਆ ਗਾਂਧੀ ਅਤੇ ਸਮ੍ਰਿਤੀ ਵਿਚਾਲੇ ਤਲਖੀ

ਨਵੀਂ ਦਿੱਲੀ, 28 ਜੁਲਾਈ, (ਪੋਸਟ ਬਿਊਰੋ)- ਕਾਂਗਰਸ ਆਗੂ ਅਧੀਰ ਰੰਜਨ ਚੌਧਰੀ ਨੇ ਰਾਸ਼ਟਰਪਤੀ ਦ੍ਰੌਪਦੀ ਮੁਰਮੂਬਾਰੇ ਕੀਤੀ ਟਿੱਪਣੀ ਉੱਤੇਅੱਜ ਲੋਕ ਸਭਾ ਵਿੱਚਸਫ਼ਾਈ ਦਿੱਤੀ ਤੇ ਕਿਹਾ ਕਿ ਉਨ੍ਹਾਂ ਦੇ ਮੂੰਹੋਂ ਗਲਤੀ ਨਾਲ ਇੱਕ ਸ਼ਬਦ ਨਿਕਲ ਗਿਆ ਤੇ ਭਾਜਪਾ ਕੋਲ ਕੋਈ ਮੁੱਦਾ ਨਹੀਂ, ਇਸ ਲਈ ਉਹ ਇਸ ਨੂੰ ਚੁੱਕ ਰਹੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰਾਸ਼ਟਰਪਤੀ ਕਿਸੇ ਵੀ ਭਾਈਚਾਰੇ ਦਾ ਹੋਵੇ, ਉਹ ਉਸ ਦਾ ਪੂਰਾ ਸਨਮਾਨ ਕਰਦੇ ਹਨ।

ਵਰਨਣ ਯੋਗ ਹੈ ਕਿ ਅਧੀਰ ਰੰਜਨ ਚੌਧਰੀ ਨੇ ਬੁੱਧਵਾਰ ਨੂੰ ਮੀਡੀਆ ਨਾਲ ਗੱਲਬਾਤ ਵਿੱਚ ਰਾਸ਼ਟਰਪਤੀ ਮੁਰਮੂਨੂੰ 'ਰਾਸ਼ਟਰਪਤਨੀ' ਕਹਿਦਿੱਤਾ ਸੀ। ਭਾਜਪਾ ਮੈਂਬਰਾਂ ਨੇ ਅੱਜ ਵੀਰਵਾਰ ਪਾਰਲੀਮੈਂਟਦੇ ਦੋਹਾਂ ਸਦਨਾਂ ਵਿੱਚ ਇਸ ਬਾਰੇ ਹੰਗਾਮਾ ਕੀਤਾ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੋਂ ਮੁਆਫ਼ੀ ਦੀ ਮੰਗ ਕੀਤੀ। ਕਾਂਗਰਸ



ਨੇਤਾ ਚੌਧਰੀ ਨੇ ਕਿਹਾ ਕਿ ਦੇਸ਼ ਦਾ ਰਾਸ਼ਟਰਪਤੀ ਕੋਈ ਬ੍ਰਾਹਮਣ ਹੋਵੇ ਜਾਂ ਆਦਿਵਾਸੀ, ਸਾਡੇ ਲਈ ਰਾਸ਼ਟਰਪਤੀ ਹੈ ਤੇ ਅਹੁਦੇ ਦੀ ਮਰਿਆਦਾ ਦਾ ਪੂਰਾ ਸਨਮਾਨ ਹੈ। ਉਨ੍ਹਾਂ ਕਿਹਾ ਕਿ ਕੱਲ੍ਹ ਪੱਤਰਕਾਰਾਂ ਨਾਲ ਗੱਲਬਾਤ ਮੌਕੇ ਇਹ ਸ਼ਬਦ ਇਕ ਵਾਰ ਗਲਤੀ ਨਾਲ ਨਿਕਲ ਗਿਆ ਤਾਂ ਪੱਤਰਕਾਰ ਨੇ ਮੈਨੂੰ ਕਿਹਾ ਕਿ ਤੁਸੀਂ 'ਰਾਸ਼ਟਰਪਤੀ' ਕਹਿਣਾ ਚਾਹੁੰਦੇ ਹੋ, ਮੈਂ ਕਿਹਾ ਕਿ ਗਲਤੀ ਨਾਲ ਮੂੰਹੋਂ ਨਿਕਲ ਗਿਆ, ਇਸ ਨੂੰ ਨਾ ਵਿਖਾਉ ਤਾਂ ਬਿਹਤਰ ਹੈ। ਇਸ ਪਿੱਛੋਂ ਵੀ ਉਸ ਪੱਤਰਕਾਰ ਨੇ ਇਸ ਵੀਡੀਓ ਨੂੰ ਚਲਾਇਆ ਸੀ।ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਮੇਰੇ ਤੋਂ ਗਲਤੀ ਹੋਈ ਹੈ, ਇਕ ਸ਼ਬਦ ਗਲਤੀ ਨਾਲ ਮੂੰਹੋਂ ਨਿਕਲ ਗਿਆ ਸੀ।

ਅੱਜ ਇਸ ਮੁੱਦੇ ਤੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਕੈਬਨਿਟ ਮੰਤਰੀ ਸਮ੍ਰਿਤੀ ਇਰਾਨੀ ਵਿਚਾਲੇ ਵੀ ਚੋਖੀ ਤਲਖੀ ਵੇਖਣ ਨੂੰ ਮਿਲੀ। ਅਸਲ ਵਿੱਚ ਇਸ ਮੁੱਦੇ ਉੱਤੇ ਰੌਲੇ ਦੇ ਬਾਅਦ ਜਦੋਂ ਹਾਊਸ ਦੀ ਕਾਰਵਾਈ ਰੋਕ ਦਿੱਤੀ ਗਈ ਤਾਂ ਸਾਰੇ ਮੈਂਬਰਾਂ ਵਾਂਗ ਸੋਨੀਆ ਗਾਂਧੀ ਵੀ ਬਾਹਰ ਜਾ ਰਹੇ ਸਨ। ਇਸ ਦੌਰਾਨ ਅੰਦਰੋਂ ਸੋਨੀਆ ਗਾਂਧੀ ਦੇ ਖਿਲਾਫ ਨਾਅਰੇ ਲੱਗਣ ਲੱਗ ਪਏ ਤਾਂ ਸੋਨੀਆ ਗਾਂਧੀ ਨੇ ਵਾਪਸ ਆਣ ਕੇ ਭਾਜਪਾ ਦੀ ਸੀਨੀਅਰ ਪਾਰਲੀਮੈਂਟ ਮੈਂਬਰ ਰਮਾ ਦੇਵੀ ਨੂੰ ਕਿਹਾ ਕਿ ਸਾਡੇ ਮੈਂਬਰ ਤੋਂ ਗਲਤੀ ਹੋਈ, ਉਸ ਨੇ ਮੁਆਫੀ ਮੰਗ ਲਈ ਹੈ, ਪਰ ਮੇਰੇ ਖਿਲਾਫ ਨਾਅਰੇ ਕਿਉਂ ਵੱਜਦੇ ਹਨ। ਏਨੇ ਨੂੰ ਕੈਬਨਿਟ ਮੰਤਰੀ ਅਤੇ ਭਾਜਪਾ ਆਗੂ ਸਮ੍ਰਿਤੀ ਇਰਾਨੀ ਨੇ ਆ ਕੇ ਕਿਹਾ ਕਿ ਮੈਨੂੰ ਪੁੱਛੋ ਕਿ ਨਾਅਰੇ ਵੱਜਣ ਦਾ ਕਾਰਨ ਕੀ ਹੈ। ਅੱਗੋਂ ਸੋਨੀਆ ਗਾਂਧੀ ਨੇ ਕਿਹਾ: ਡੌਂਟ ਟਾਕ ਟੂ ਮੀ (ਮੇਰੇ ਨਾਲ ਗੱਲ ਨਾ ਕਰੋ)। ਇਸ ਨਾਲ ਦੋਵਾਂ ਵਿਚਾਲੇ ਤਲਖੀ ਕਾਫੀ ਵਧ ਗਈ ਅਤੇ ਦੋਵਾਂ ਪਾਰਟੀਆਂ ਦੇ ਮੈਂਬਰ ਵੀ ਆ ਗਏ, ਪਰ ਕੁਝ ਮੈਂਬਰਾਂ ਨੇ ਦੋਵਾਂ ਨੂੰ ਹਟਾ ਦਿੱਤਾ।

## ਭਗਤੂਪੁਰਾ ਜ਼ਮੀਨ ਘੁਟਾਲਾ ਮਾਮਲੇ ਵਿਚ ਪੰਚਾਇਤ ਮੰਤਰੀ ਨੇ ਜਾਂਚ ਰਿਪੋਰਟ ਮਨਜ਼ੂਰੀ ਦੇਣ ਵਾਸਤੇ ਮੁੱਖ ਮੰਤਰੀ ਨੂੰ ਸੌਂਪੀ

* ਇੱਕ ਸਾਬਕਾ ਮੰਤਰੀ ਅਤੇ ਕੁਝ ਅਫਸਰਾਂ ਵਿਰੁੱਧ ਕਾਰਵਾਈ ਦੇ ਸੰਕੇਤ

ਚੰਡੀਗੜ੍ਹ, 28 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੰਮ੍ਰਿਤਸਰ ਦੇ ਪਿੰਡ ਭਗਤੂਪੁਰਾ ਦੀ ਪੰਚਾਇਤੀ ਜ਼ਮੀਨ ਦੇ ਘੁਟਾਲੇ ਦੀ ਜਾਂਚ ਟੀਮ ਦੀ ਰਿਪੋਰਟ ਅੱਜ ਵੀਰਵਾਰ ਸ਼ਾਮ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਨਜ਼ੂਰੀ ਦੇਣ ਦੇ ਲਈ ਸੌਂਪ ਦਿੱਤੀ ਹੈ।

ਇਸ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਚ-ਾਇਤ ਵਿਭਾਗ ਨੇ 20 ਮਈ ਨੂੰ ਤਿੰਨ ਮੈਂਬਰੀ ਜਾਂਚ ਟੀਮ ਬਣਾਈ ਸੀ, ਜਿਸ ਨੇ ਜਾਂਚ ਪੂਰੀ ਕਰ ਲਈ ਹੈ ਅਤੇ ਇਸ ਦੀ ਰਿਪੋਰਟ ਅਗਲੀ ਕਾਰਵਾਈ ਲਈਮੁੱਖ ਮੰਤਰੀ ਭਗਵੰਤ ਮਾਨ ਨੂੰ ਦੇਦਿੱਤੀ ਹੈ। ਮੰਤਰੀ ਧਾਲੀਵਾਲ ਨੇਦੱਸਿਆ ਕਿ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਭਗਤੂਪੁਰਾ ਦੀ ਪੰਚਾਇਤ ਨੇ ਅਲਫਾ ਇੰਟਰਨੈਸ਼ਨਲ ਸਿਟੀ ਨੂੰ ਆਪਣੀ ਜ਼ਮੀਨ ਵੇਚੀ ਸੀ।ਨਵੀਂ ਸਰਕਾਰ ਬਣਦੇ ਸਾਰ ਉਨ੍ਹਾਂ ਦੇ ਧਿਆਨ ਵਿੱਚ ਇਹ ਕੇਸ ਆਇਆ ਕਿ ਇਹ ਜ਼ਮੀਨ ਵੇਚਣ ਵੇਲੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਇਆ ਤੇ ਕਈ ਤਕਨੀਕੀ ਗੜਬੜਾਂ ਕੀਤੀਆਂ ਗਈਆਂ ਹਨ। ਉਨ੍ਹਾਂ ਇਸ ਦੀ ਗੰਭੀਰਤਾ ਨੂੰ ਦੇਖ ਕੇ ਵਿਭਾਗ ਦੇ ਸੀਨੀਅਰ ਅਫਸਰਾਂਦੀ ਤਿੰਨ ਮੈਂਬਰੀ ਕਮੇਟੀ ਬਣਾ ਕੇ ਜਾਂਚ ਕਰਨ ਲਈ ਕਿਹਾ ਸੀ। ਜਾਂਚ ਟੀਮ ਨੇ ਇਸ ਬਾਰੇ ਜਿਹੜੀ ਰਿਪੋਰਟ ਬਣਾਈ ਹੈ, ਉਹਮੁੱਖ ਮੰਤਰੀ ਨੂੰ ਦੇ ਦਿੱਤੀ ਗਈ ਹੈ।ਪੇਂਡੂ ਵਿਕਾਸ ਤੇ ਪੰਚ-ਾਇਤ ਮੰਤਰੀ ਨੇ ਫਿਰ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਆਮ ਲੋਕਾਂ ਦੇ ਪੈਸੇ ਜਾਂ ਸਾਧਨਾਂ ਦੀ ਲੁੱਟ-ਖਸੁੱਟ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਸ ਨੇ ਘੁਟਾਲਾ ਜਾ ਸਰਕਾਰੀ ਪੈਸੇ ਦੀ ਲੁੱਟ ਕੀਤੀ ਹੈ, ਉਸ ਉੱਤੇ ਕਾਰਵਾਈ ਕੀਤੀ ਜਾਵੇਗੀ ਅਤੇਕੋਈ ਕਿੰਨਾ ਹੀ ਰਸੂਖਦਾਰ ਕਿਓਂ ਨਾ ਹੋਵੇ,ਕਿਸੇ ਨੂੰ ਨਹੀਂ ਬਖਸ਼ਿਆ ਜਾਵੇਗਾ।

## ਲੁਧਿਆਣਾ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਤੇ 5 ਹੋਰਨਾਂ ਉੱਤੇ ਵਿਜੀਲੈਂਸ ਵੱਲੋਂ ਕੇਸ ਦਰਜ

ਚੰਡੀਗੜ੍ਹ, 28 ਜੁਲਾਈ, (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਵੀਰਵਾਰ ਨੂੰ ਲੁਧਿਆਣਾ ਇੰਪਰੂਵਮੈਂਟ ਟਰੱਸਟ (ਐੱਲਆਈਟੀ) ਦੇ ਸਾਬਕਾ ਚੇਅਰਮੈਨ ਰਮਨ ਬਾਲਾਸੁਬਰਾਮਨੀਅਮ ਅਤੇ ਕਾਰਜਕਾਰੀ ਅਧਿਕਾਰੀ ਕੁਲਜੀਤ ਕੌਰ, ਐੱਸ ਡੀਓ ਅੰਕਿਤ ਨਾਰੰਗ, ਸੇਲਜ਼ ਕਲਰਕ ਪਰਵੀਨ ਕੁਮਾਰ, ਕਲਰਕ ਗਗਨਦੀਪ ਅਤੇ ਚੇਅਰਮੈਨ ਦੇ ਪੀਏ ਸੰਦੀਪ ਸਰਮਾ ਦੇ ਖਿਲਾਫ ਅਪਰਾਧਿਕ ਕੇਸ ਦਰਜ ਕਰ ਲਿਆ ਹੈ। ਇਸ ਵਿੱਚਦੋਸ਼ੀ ਨਿਕਦੇ ਪੀਏ ਸੰਦੀਪ ਸਰਮਾ ਨੂੰ ਵਿਜੀਲੈਂਸ ਨੇ ਗ੍ਰਿਫਤਾਰ ਕਰ ਲਿਆ ਹੈ ਅਤੇ ਅਗਲੀ ਜਾਂਚ ਜਾਰੀ ਹੈ।

ਇਸ ਸਬੰਧ ਵਿੱਚ ਪੰਜਾਬ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿਐੱਲਆਈਟੀ ਦੇ ਜੂਨੀਅਰ ਸਹਾਇਕ ਹਰਮੀਤ ਸਿੰਘ ਤੇ ਕਾਰਜਕਾਰੀ ਅਧਿਕਾਰੀ ਕੁਲਜੀਤ ਕੌਰ ਨੂੰ ਰਿਸ਼ਵਤ ਕੇਸਵਿੱਚ 10,000 ਰੁਪਏ ਲੈਂਦੇ 14 ਜੁਲਾਈ ਨੂੰ ਵਿਜੀਲੈਂਸਨੇ ਰੰਗੇ ਹੱਥੀਂ ਫੜਿਆ ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦਾਕੇਸ ਦਰਜ ਕੀਤਾ ਸੀ।ਉਨਾਂ ਕਿਹਾ ਕਿ ਉਸ ਕੇਸ ਦੀਜਾਂਚ ਦੌਰਾਨ ਇਹ ਭੇਦ ਖੁੱਲ੍ਹਾ ਕਿ ਐੱਲਆਈਟੀ ਅਧਿਕਾਰੀਆਂ ਨੇ ਭ੍ਰਿਸ਼ਟ ਢੰਗ ਨਾਲ ਸ਼ਹੀਦ ਭਗਤ ਸਿੰਘ (ਐੱਸਬੀਐੱਸ) ਨਗਰ ਦਾ ਪਲਾਟ ਨੰਬਰ 9-ਬੀ, ਰਿਸ਼ੀ ਨਗਰ ਦੇ 102, 103, 104, 105, 106-ਡੀ ਅਤੇ ਸਰਾਭਾ ਨਗਰ ਦੇ 366-ਬੀ ਅਤੇ 140 ਨੰਬਰ ਪਲਾਟ ਭ੍ਰਿਸ਼ਟ ਢੰਗ ਨਾਲ ਅਲਾਟ ਕੀਤੇ ਸਨ, ਜਿਹੜੇ ਲੋਕਲ ਡਿਸਪਲੇਸਡ ਪਰਸਨਜ (ਐੱਲ ਡੀਪੀ) ਅਤੇ ਟਰੱਸਟ ਦੀਆਂ ਹੋਰ ਸਕੀਮਾਂ ਵਾਲੇ ਸਨ, ਪਰ ਅਣ-ਅਧਿਕਾਰਤ ਲੋਕਾਂ ਨੂੰ ਵੱਡੀਆਂ ਰਿਸ਼ਵਤਾਂ ਲੈ ਕੇ ਵੇਚ ਦਿੱਤੇ ਗਏ ਸਨ।ਵਿਜੀਲੰਸ ਦੇ ਬੁਲਾਰੇ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਵੀ ਪਤਾ ਲੱਗਾ ਕਿ ਕੁਝ ਅਲਾਟੀਆਂ ਦੀ ਮੌਤ ਹੋਈ ਤਾਂ ਉਨਾਂ ਦੇ ਪਲਾਟ ਕੁਝ ਅਣ-ਅਧਿਕਾਰਤ ਲੋਕਾਂ ਨੂੰ ਅਲਾਟ ਕੀਤੇ ਗਏ ਅਤੇ ਨਿਯਮਾਂ ਦੀ ਉਲੰਘਣਾ ਕਰਕੇ ਮੋਟੀਆਂ ਰਿਸ਼ਵਤਾਂ ਲੈਣ ਦੇ ਸਬੂਤ ਮਿਲੇ ਹਨ। ਇਸ ਬਾਰੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਹੇਠ ਆਰਥਿਕ ਅਪਰਾਧ ਵਿੰਗ ਦੇ ਥਾਣਾ ਲੁਧਿਆਣਾ ਵਿਖੇ ਕੇਸ ਦਰਜ ਕਰਕੇ ਦੋਸ਼ੀਆਂ ਵਿਰੁੱਧ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।






# ਪਾਬੰਦੀਸ਼ੁਦਾ ਹਥਿਆਰਾਂ ਨੂੰ ਵਾਪਿਸ ਖਰੀਦਣ ਲਈ ਫੈਡਰਲ ਸਰਕਾਰ ਨੇ ਪ੍ਰਸਤਾਵਿਤ ਮੁਆਵਜ਼ੇ ਦਾ ਕੀਤਾ ਖੁਲਾਸਾ

...ਪੰਨਾ 1 ਦਾ ਬਾਕੀ

AR-15 rifles, and the M4 carbine: $1,337

Beretta Cx4 Storm: $1,317

CZ Scorpion EVO 3 carbine and CZ Scorpion EVO 3 pistol: $1,291

M14 Rifle: $2,612

Robinson Armament XCR rifle: $2,735

Ruger Mini-14 rifle: $1,407

SG-550 rifle and SG-551 carbine: $6,209

SIG Sauer MCX, MPX forearms such as the SIG Sauer SIG MPX carbine, and the SIG Sauer SIG MPX pistol: $2,369

Vz58 rifle: $1,139

Firearms with a bore diameter of 20 mm or greater – other than one designed exclusively for the purpose of neutralizing explosive devices: $2,684

Firearms capable of discharging a projectile with a muzzle energy greater than 10,000 joules: $2,819

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 2019 ਵਿੱਚ ਅਜਿਹੇ ਹਥਿਆਰਾਂ ਸਬੰਧੀ ਨੀਤੀ ਤਬਦੀਲ ਕਰਨ ਲਈ ਚਲਾਈ ਗਈ ਮੁਹਿੰਮ ਤੋਂ ਪਹਿਲਾਂ ਕੈਨੇਡੀਅਨਜ਼ ਵੱਲੋਂ ਜਿਸ ਕੀਮਤ ਉੱਤੇ ਇਹ ਹਥਿਆਰ ਖਰੀਦੇ ਗਏ ਹੋਣਗੇ ਉਨ੍ਹਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਮੁਆਵਜ਼ੇ ਸਬੰਧੀ ਇਹ ਕੀਮਤ ਨਿਰਧਾਰਤ ਕੀਤੀ ਗਈ ਹੈ। ਇਸ ਮਗਰੋਂ ਨੋਵਾ ਸਕੋਸ਼ੀਆ ਵਿੱਚ 2020 ਵਿੱਚ ਹੋਈ ਮਾਸ ਸੂਟਿੰਗ ਤੋਂ ਬਾਅਦ ਇਸ ਦੇ ਪ੍ਰਚਾਰ ਵਿੱਚ ਹੋਰ ਤੇਜ਼ੀ ਆਈ।

ਅਜਿਹੇ ਹਥਿਆਰਾਂ ਦੇ ਮਾਲਕਾਂ, ਕਾਰੋਬਾਰਾਂ ਤੇ ਗੰਨ ਇੰਡਸਟਰੀ ਲਈ ਫੈਡਰਲ ਸਰਕਾਰ ਨੇ ਨਿਰਧਾਰਤ ਕੀਤੇ ਮੁਆਵਜ਼ੇ ਲਈ ਫੀਡਬੈਕ ਦੇਣ ਵਾਸਤੇ ਹੁਣ ਤੋਂ 28 ਅਗਸਤ ਦਾ ਸਮਾਂ ਰੱਖਿਆ ਹੈ। ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਕਿ ਸਰਕਾਰ ਦਾ ਇਰਾਦਾ ਕੈਨੇਡੀਅਨ ਕਮਿਊਨਿਟੀਜ਼ ਨੂੰ ਅਜਿਹੇ ਖਤਰਨਾਕ ਹਥਿਆਰਾਂ ਤੋਂ ਮੁਕਤ ਕਰਵਾਉਣਾ ਤੇ ਨਾਲ ਦੀ ਨਾਲ ਮੌਜੂਦਾ ਮਾਲਕਾਂ ਨੂੰ ਇਨ੍ਹਾਂ ਹਥਿਆਰਾਂ ਬਦਲੇ ਮੁਆਵਜ਼ਾ ਦੇਣਾ ਹੈ।

# ਗੱਡੀਆਂ ਚੋਰੀ ਕਰਨ ਵਾਲੇ ਤਿੰਨ ਮੁਜਰਮਾਨਾਂ ਸੰਗਠਨਾਂ ਦਾ ਪਰਦਾਫਾਸ਼, 28 ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

...ਪੰਨਾ 1 ਦਾ ਬਾਕੀ

ਕੀਤੀਆਂ ਗਈਆਂ ਗੱਡੀਆਂ ਵਿੱਚੋਂ 37 ਫੀ ਸਦੀ ਐਕੂਰਾਜ਼ ਜਾਂ ਹੌਂਡਾ ਗੱਡੀਆਂ ਸਨ। ਵੀਰਵਾਰ ਨੂੰ ਕੀਤੀ ਗਈ ਨਿਊਜ਼ ਕਾਨਫਰੰਸ ਵਿੱਚ ਓਪੀਪੀ ਦੇ ਡਿਪਟੀ ਕਮਿਸ਼ਨਰ ਚੱਕ ਕੌਕਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬਰਾਮਦ ਕੀਤੀਆਂ ਗਈਆਂ ਗੱਡੀਆਂ ਵਿੱਚ ਕਈ ਲਗਜ਼ਰੀ ਕਾਰਾਂ ਵੀ ਹਨ। ਇਨ੍ਹਾਂ ਚੋਰੀ ਦੀਆਂ ਗੱਡੀਆਂ ਵਿੱਚੋਂ ਕੁੱਝ ਗੱਡੀਆਂ ਦੀ ਵਰਤੋਂ ਹੋਰਨਾਂ ਮੁਜਰਮਾਨਾਂ ਗਤੀਵਿਧੀਆਂ ਲਈ ਵੀ ਕੀਤੀ ਜਾਂਦੀ ਸੀ।

ਪੁਲਿਸ ਨੇ ਦੱਸਿਆ ਕਿ ਚਾਰਜ ਕੀਤੇ ਗਏ 28 ਵਿਅਕਤੀਆਂ ਵਿੱਚ ਸਰਵਿਸ ਓਨਟਾਰੀਓ ਦੇ ਮੁਲਾਜ਼ਮ ਵੀ ਸ਼ਾਮਲ ਹਨ। ਇਹ ਮੁਲਾਜ਼ਮ ਚੋਰੀ ਦੀਆਂ ਇਨ੍ਹਾਂ ਗੱਡੀਆਂ ਦੀ ਨਜਾਇਜ਼ ਰਜਿਸਟ੍ਰੇਸ਼ਨ ਕਰਨ ਵਿੱਚ ਮਦਦ ਕਰਦੇ ਸਨ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚੋਂ 26 ਓਨਟਾਰੀਓ ਤੋਂ ਤੇ ਦੋ ਸਸਕੈਚਵਨ ਤੋਂ ਹਨ। ਮਸ਼ਕੂਕਾਂ ਦੀ ਉਮਰ 27 ਤੋਂ 59 ਸਾਲ ਦਰਮਿਆਨ ਦੱਸੀ ਜਾਂਦੀ ਹੈ। ਇਨ੍ਹਾਂ ਵਿੱਚੋਂ ਬਹੁਤੇ ਗ੍ਰੇਟਰ ਟੋਰਾਂਟੋ ਏਰੀਆ ਦੇ ਰਹਿਣ ਵਾਲੇ ਹਨ ਤੇ ਕੁੱਝ ਸਟੋਨੀ ਕ੍ਰੀਕ, ਕਿਚਨਰ, ਕੇਲਡਨ, ਬ੍ਰੈਡਫੋਰਡ ਤੇ ਗ੍ਰੇਵਨਹਰਸਟ ਨਾਲ ਵੀ ਸਬੰਧਤ ਹਨ।

ਇਨ੍ਹਾਂ ਉੱਤੇ 240 ਚਾਰਜਿਜ਼ ਲਾਏ ਗਏ। ਜਾਂਚ ਦੌਰਾਨ ਪੁਲਿਸ ਨੇ 44 ਸਰਚ ਵਾਰੰਟਸ ਉੱਤੇ ਕਾਰਵਾਈ ਕੀਤੀ। ਇਸ ਦੌਰਾਨ ਪੁਲਿਸ ਨੂੰ ਛੇ ਹਥਿਆਰ, 230 ਗ੍ਰਾਮ ਫੈਂਟਾਨਿਲ, 1840 ਗ੍ਰਾਮ ਕੋਕੀਨ, 77 ਕਿੱਲੋ ਹੋਰ ਨਸ਼ੀਲੇ ਪਦਾਰਥ, 150 ਗ੍ਰਾਮ ਕੈਨਾਬਿਸ ਰੇਜ਼ਿਨ ਤੇ 10 ਗ੍ਰਾਮ ਸਿਲੋਸੀਬਿਨ ਬਰਾਮਦ ਕੀਤੀ। ਪੁਲਿਸ ਨੂੰ 160,000 ਡਾਲਰ ਨਕਦੀ ਤੇ 8400 ਡਾਲਰ ਅਮਰੀਕੀ ਕਰੰਸੀ ਵੀ ਬਰਾਮਦ ਹੋਈ। ਦੋ ਮਨੀਕਾਊਂਟਰਜ਼ ਤੇ ਦੋ ਲੇਜ਼ਰ ਤਿਆਰ ਕਰਨ ਵਾਲੀਆਂ ਮਸ਼ੀਨਾਂ ਵੀ ਮਿਲੀਆਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer | Bhupinder Dhillon |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# 22ਵੀਆਂ ਕਾਮਨਵੈਲਥ ਖੇਡਾਂ ਬਰਮਿੰਘਮ ਵਿੱਚ ਸ਼ੁਰੂ



ਬਰਮਿੰਘਮ, 28 ਜੁਲਾਈ, (ਪੋਸਟ ਬਿਊਰੋ)- ਇੰਗਲੈਂਡ ਦੇ ਸ਼ਹਿਰ ਬਰਮਿੰਘਮ ਦੇ ਅਲੈਗਜ਼ੈਂਡਰ ਸਟੇਡੀਅਮ ਵਿੱਚਅੱਜ 22ਵੀਆਂ ਕਾਮਨਵੈੱਲਥ ਖੇਡਾਂ ਦਾ ਰੰਗਾਂ-ਰੰਗ ਆਗਾਜ਼ ਹੋਇਆ। ਇਨ੍ਹਾਂ ਖੇਡਾਂ ਵਿੱਚ 72 ਦੇਸ਼ਾਂ ਤੋਂ ਆਏ ਹੋਏ 5 ਹਜ਼ਾਰ ਤੋਂ ਵੱਧ ਐਥਲੀਟ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਤਮਗਿਆਂ ਲਈ ਸਾਹਮਣੇ ਆਉਣਗੇ।

ਵਰਨਣ ਯੋਗ ਹੈ ਕਿ ਬਰਮਿੰਘਮ ਵਿੱਚ ਪਹਿਲੀ ਵਾਰ ਇਹ ਖੇਡਾਂ ਹੋਣੀਆਂ ਹਨ। ਭਾਰਤ 18ਵੀਂ ਵਾਰ ਇਨ੍ਹਾਂ ਖੇਡਾਂ ਵਿੱਚ ਉੱਤਰਿਆ ਹੈ। ਅਫਰੀਕਨ ਡਰੰਮ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ ਤੇ ਇਸ ਦਾ ਭਾਵ ਕਾਮਨਵੈੱਲਥ ਦੇਸ਼ਾਂ ਵਿੱਚ ਸਦਭਾਵਨਾ ਪੈਦਾ ਕਰਨਾ ਹੈ। ਬਰਮਿੰਘਮਦੀ ਕਾਰ ਇੰਡਸਟਰੀ ਮਸ਼ਹੂਰ ਹੈ।ਇਸ ਖੇਡ ਮੁਕਾਬਲੇ ਦੌਰਾਨ ਇਥੇ ਬਣੀਆਂ ਨਵੀਆਂ ਅਤੇ ਪੁਰਾਣੀਆਂ 72ਕਾਰਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ ਹੈ।ਇਸ ਮੇਲੇ ਦੇ ਉਦਘਾਟਨ ਮੌਕੇ ਪ੍ਰਿੰਸ ਚਾਰਲਸ ਏਸਟਨ ਮਾਰਟਿਨ ਕਾਰ ਰਾਹੀਂ ਪਹੁੰਚੇ। ਸਿੰਗਰ ਸਾਮੰਥਾ ਆਕਸਰਬੋ ਨੇ ਇੰਗਲੈਂਡ ਦਾ ਰਾਸ਼ਟਰੀ ਗੀਤ ਪੇਸ਼ ਕੀਤਾ।ਇਸ ਦੌਰਾਨਸੰਸਾਰ ਪ੍ਰਸਿੱਧ ਕਾਮੇਡੀਅਨ ਚਾਰਲੀ ਚੈਪਲਿਨ ਦਾ ਕਿਰਦਾਰ ਵੀ ਦਿਖਾਇਆ ਗਿਆ।

ਭਾਰਤ ਦੀ ਸਟਾਰ ਬੈਡਮਿੰਟਨ ਖਿਡਾਰੀ ਅਤੇ ਓਲੰਪਿਕ ਤਮਗਾ ਜੇਤੂ ਪੀਵੀ ਸਿੰਧੂ ਅਤੇ ਹਾਕੀ ਕਪਤਾਨ ਮਨਪ੍ਰੀਤ ਸਿੰਘ ਝੰਡਾਬਰਦਾਰ ਬਣੇ। ਭਾਰਤ ਨੇ ਇਨ੍ਹਾਂ ਖੇਡਾਂ ਲਈ 215 ਐਥਲੀਟਾਂ ਅਤੇ 107 ਅਧਿਕਾਰੀਆਂ ਅਤੇ ਸਹਿਯੋਗੀਆਂ ਸਮੇਤ 322 ਮੈਂਬਰੀ ਟੀਮ ਬਰਮਿੰਘਮ ਭੇਜੀ ਹੈ। ਕਰੀਬ 1500 ਕਲਕਾਰਾਂ ਨੇ ਸੰਸਕ੍ਰਿਤਕ ਪ੍ਰੋਗਰਾਮ ਵਿੱਚ ਹਿੱਸਾ ਲਿਆ। ਪਿਛਲੀ ਵਾਰ ਦੇ ਮੇਜ਼ਬਾਨ ਰਹੇ ਆਸਟ੍ਰੇਲੀਆ ਦੇ ਐਥਲੀਟਸ ਨੂੰ ਸਭ ਤੋਂ ਪਹਿਲਾਂ ਪਰੇਡ ਵਿੱਚ ਬੁਲਾਇਆ ਗਿਆ।

# ਸਟਾਫ ਦੀ ਘਾਟ ਕਾਰਨ ਓਨਟਾਰੀਓ ਦੇ ਹਸਪਤਾਲ ਨੇ ਆਈਸੀਯੂ ਕੀਤਾ ਬੰਦ

ਪੰਨਾ 1 ਦਾ ਬਾਕੀ

ਹਸਪਤਾਲਾਂ ਵਾਂਗ ਹੀ ਇਸ ਹਸਪਤਾਲ ਨੂੰ ਵੀ ਸਟਾਫ ਦੀ ਘਾਟ ਨਾਲ ਜੂਝਣਾ ਪੈ ਰਿਹਾ ਹੈ। ਇਹ ਵੀ ਆਖਿਆ ਗਿਆ ਕਿ ਬੋਮਨਵਿੱਲ ਹਸਪਤਾਲ ਦੇ ਆਈਸੀਯੂ ਤੇ ਕ੍ਰਿਟੀਕਲ ਕੇਅਰ ਸਰਵਿਸਿਜ਼ ਨੂੰ ਹਾਲ ਦੀ ਘੜੀ ਐਜੈਕਸ-ਪਿੱਕਰਿੰਗ ਤੇ ਓਸ਼ਵਾ ਹਸਪਤਾਲਾਂ ਵੱਲ ਮੁੜ ਲੋਕੇਟ ਕੀਤਾ ਜਾ ਰਿਹਾ ਹੈ।

ਲੇਕਰਿੱਜ ਹੈਲਥ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਹੈ ਕਿ ਆਰਜ਼ੀ ਤੌਰ ਉੱਤੇ ਮਰੀਜ਼ਾਂ ਨੂੰ ਮੁੜ ਲੋਕੇਟ ਕਰਨ ਦੇ ਉਨ੍ਹਾਂ ਉੱਤੇ ਤੇ ਉਨ੍ਹਾਂ ਦੇ ਪਰਿਵਾਰਾਂ ਉੱਤੇ ਪੈਣ ਵਾਲੇ ਅਸਰ ਤੋਂ ਉਹ ਜਾਣੂ ਹਨ। ਇਹ ਵੀ ਆਖਿਆ ਗਿਆ ਕਿ ਉਹ ਨਿਯਮਿਤ ਤੌਰ ਉੱਤੇ ਹਾਲਾਤ ਦਾ ਜਾਇਜ਼ਾ ਲੈਂਦੇ ਰਹਿਣਗੇ ਤੇ ਜਦੋਂ ਸਟਾਫ ਪੂਰਾ ਹੋ ਜਾਂਦਾ ਹੈ ਤਾਂ ਬੋਮਨਵਿੱਲ ਆਈਸੀਯੂ ਨੂੰ ਮੁੜ ਖੋਲ੍ਹ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਲੇਕਰਿੱਜ ਹੈਲਥ ਪੰਜ ਹਸਪਤਾਲ, ਚਾਰ ਐਮਰਜੰਸੀ ਡਿਪਾਰਟਮੈਂਟਸ, ਤਿੰਨ ਕ੍ਰਿਟੀਕਲ ਕੇਅਰ ਯੂਨਿਟਸ, ਇੱਕ ਲਾਂਗ ਟਰਮ ਕੇਅਰ ਹੋਮ ਤੇ 20 ਤੋਂ ਵੱਧ ਕਮਿਊਨਿਟੀ ਹੈਲਥਕੇਅਰ ਲੋਕੇਸ਼ਨਜ਼ ਦਾ ਸੰਚਾਲਨ ਕਰਦਾ ਹੈ।

# ਸਮਰ ਸੈਸ਼ਨ ਦੌਰਾਨ ਪ੍ਰੋਵਿੰਸ਼ੀਅਲ ਬਜਟ ਨੂੰ ਪਾਸ ਕਰਵਾਉਣ ਵੱਲ ਧਿਆਨ ਦੇਵੇਗੀ ਫੋਰਡ ਸਰਕਾਰ

...ਪੰਨਾ 1 ਦਾ ਬਾਕੀ

ਦੀ ਪੁਸ਼ਟੀ ਕੀਤੀ ਸੀ ਕਿ ਸਮਰ ਸੈਸ਼ਨ ਦੌਰਾਨ ਵਿਧਾਨ ਸਭਾ ਦੀ ਕਾਰਵਾਈ ਅੰਦਾਜ਼ਨ ਪੰਜ ਹਫਤਿਆਂ ਲਈ ਚੱਲੇਗੀ।

ਇਸ ਅਰਸੇ ਦੌਰਾਨ ਫੋਰਡ ਸਰਕਾਰ ਆਪਣੇ ਪ੍ਰੋਵਿੰਸ਼ੀਅਲ ਬਜਟ ਨੂੰ ਪਾਸ ਕਰਵਾਉਣ ਵੱਲ ਧਿਆਨ ਦੇਵੇਗੀ। ਜ਼ਿਕਰਯੋਗ ਹੈ ਕਿ ਇਸ ਬਜਟ ਨੂੰ ਜੂਨ ਦੀਆਂ ਚੋਣਾਂ ਤੋਂ ਪਹਿਲਾਂ ਪੇਸ਼ ਤਾਂ ਕਰ ਦਿੱਤਾ ਗਿਆ ਸੀ ਪਰ ਪਾਸ ਨਹੀਂ ਸੀ ਕੀਤਾ ਗਿਆ।

## ਸਿਵਲ ਹਸਪਤਾਲ ਵਿੱਚ ਦੋ ਔਰਤਾਂ ਇੱਕ-ਦੂਸਰੀ ਨਾਲ ਉਲਝੀਆਂ

ਬਠਿੰਡਾ, 28 ਜੁਲਾਈ (ਪੋਸਟ ਬਿਊਰੋ)- ਕੱਲ੍ਹ ਸਿਵਲ ਹਸਪਤਾਲ ਬਠਿੰਡਾ ਵਿੱਚ ਫਿਰ ਹਾਈ ਵੋਲਟੇਜ ਡਰਾਮਾ ਹੋਇਆ। ਪੰਜਾਬ ਪੁਲਸ ਦੀ ਮਹਿਲਾ ਕਾਂਸਟੇਬਲ ਨੇ ਇੱਕ ਦਿਨ ਪਹਿਲਾਂ ਫਰਨਾਇਲ ਪੀ ਕੇ ਆਪਣੇ ਸਾਥੀ ਸਮੇਤ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਹੀ ਮਹਿਲਾ ਪੁਲਸ ਮੁਲਾਜ਼ਮ ਅਪਣੇ ਸਾਥੀ ਦੀ ਪਤਨੀ ਨਾਲ ਉਲਝ ਗਈ।ਦੋਨਾਂ ਦੀਹੱਥੋਪਾਈ ਅਤੇ ਕੁੱਟਮਾਰ ਹੋਈ ਅਤੇ ਦੋਹਾਂ ਨੇ ਇੱਕ-ਦੂਜੇ ਨੂੰ ਵਾਲਾਂ ਤੋਂ ਫੜ ਕੇ ਘਸੀਟਿਆ। ਬਾਅਦ ਵਿੱਚ ਮਹਿਲਾ ਪੁਲਸ ਮੁਲਾਜ਼ਮ ਨੇ ਪੁਲਸ ਦੀ ਮੌਜੂਦਗੀ ਵਿੱਚ ਫਿਰ ਸਲਫਾਸ ਖਾਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੁਲਸ ਨੇ ਮਹਿਲਾ ਪੁਲਸ ਮੁਲਾਜ਼ਮ ਅਤੇ ਉਸ ਦੇ ਸਾਥੀ ਨੂੰ ਗ੍ਰਿਫ਼ਤਾਰ ਕਰ ਕੇ ਪੁਲਸ ਥਾਣੇ ਲੈ ਗਈ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਮਹਿਲਾ ਕੰਸਟੇਬਲ ਅਤੇ ਉਸਦੇ ਸਾਥੀ ਨੇ ਹਸਪਤਾਲ ਵਿੱਚ ਹੰਗਾਮਾ ਕੀਤਾ ਅਤੇ ਡਾਕਟਰਾਂ ਅਤੇ ਸਟਾਫ ਨਾਲ ਦੁਰ-ਵਿਹਾਰ ਕੀਤਾ ਸੀ। ਇਸ ਬਾਰੇ ਪੁਲਸ ਨੇ ਉਕਤ ਮਹਿਲਾ ਪੁਲਸ ਮੁਲਾਜ਼ਮ ਅਮਨਦੀਪ ਕੌਰ ਅਤੇ ਉਸ ਦੇ ਨਾਲ ਬਲਵਿੰਦਰ ਸਿੰਘ ਉੱਤੇ ਸਰਕਾਰੀ ਨੌਕਰੀ ਵਿੱਚ ਰੁਕਾਵਟ ਪਾਉਣ ਅਤੇ ਡਾਕਟਰਾਂ ਨੂੰ ਧਮਕਾਉਣ ਦਾ ਕੇਸ ਦਰਜ ਕੀਤਾ ਸੀ। ਪੁਲਸ ਅਜੇ ਉਨ੍ਹਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ ਕਿ ਬਲਵਿੰਦਰ ਸਿੰਘ ਦੀ ਪਤਨੀ ਹਸਪਤਾਲ ਆ ਗਈ। ਇਸ ਦੌਰਾਨ ਉਸਦੀ ਮਹਿਲਾ ਪੁਲਸ ਮੁਲਾਜ਼ਮ ਨਾਲ ਹੱਥੋਪਾਈ ਹੋ ਗਈ। ਫਿਰ ਪੁਲਸ ਨੇ ਬਚਾਅ ਕਰ ਕੇ ਅਮਨਦੀਪ ਕੌਰ ਅਤੇ ਬਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।

## ਭਗਵੰਤ ਮਾਨ ਦਾ ਐਲਾਨ

# ਸੇਮ ਦੀ ਸਮੱਸਿਆ ਦਾ ਪੱਕਾ ਹੱਲ ਯੋਜਨਾਬੰਦੀ ਲਾਗੂ ਕਰ ਕੇ ਕੱਢਾਂਗੇ



ਫਾਜ਼ਿਲਕਾ, 28 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਏਥੇ ਕਿਹਾ ਹੈ ਕਿ ਪੰਜਾਬ ਸਰਕਾਰ ਮਾਲਵਾ ਖਿੱਤੇ ਵਿੱਚੋਂ ਸੇਮ ਦੀ ਸਮੱਸਿਆ ਦੇ ਖਾਤਮੇ ਲਈ ਸੁਚੱਜੀ ਯੋਜਨਾਬੰਦੀ ਕਰੇਗੀ।

ਅੱਜ ਜਲਾਲਾਬਾਦ ਵਿਧਾਨ ਸਭਾ ਹਲਕੇ ਦੇ ਪਿੰਡ ਮੁਲਿਆਂਵਾਲੀ ਦੇ ਦੌਰੇ ਵੇਲੇਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਅਜਿਹੀ ਯੋਜਨਾ ਬਣਾਈ ਜਾਵੇ, ਜਿਸ ਨਾਲ ਪੂਰੇ ਰਾਜਤੋਂ ਸੇਮ ਦੀ ਸਮੱਸਿਆ ਦਾ ਸਥਾਈ ਹੱਲ ਹੋ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਜੰਗੀ ਪੱਧਰ ਉੱਤੇ ਇਸ ਪ੍ਰਾਜੈਕਟ ਦਾ ਕੰਮ ਕਰੇਗੀ ਤਾਂ ਜੋ ਸੇਮ ਨਾਲ ਹੋ ਰਿਹਾ ਨੁਕਸਾਨ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਇਸ ਕੰਮ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ, ਕਿਉਂਕਿ ਰਾਜ ਸਰਕਾਰ ਇਸ ਸਮੱਸਿਆ ਦੇ ਛੇਤੀ ਤੋਂ ਛੇਤੀ ਸਥਾਈ ਹੱਲ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਅਗਲੇ ਸਾਲ ਤੋਂ ਖੇਤਾਂ ਵਿੱਚ ਪਾਣੀ ਭਰਨ ਦੀ ਸਮੱਸਿਆ ਤੋਂ ਉਨ੍ਹਾਂ ਨੂੰ ਪੂਰੀ ਨਿਜਾਤ ਮਿਲੇਗੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਪੰਜਾਬ ਨੂੰ ਸੇਮ ਦੀ ਸਮੱਸਿਆ ਤੋਂ ਮੁਕਤੀ ਲਈ ਹਰ ਕਦਮ ਚੁੱਕਣ ਦੀ ਹਦਾਇਤ ਕਰਦਿਆਂ ਕਿਹਾ ਕਿ ਇਸ ਦੇ ਨਿਪਟਾਰੇ ਵਿੱਚ ਕੋਈ ਅੜਿੱਕਾ ਨਾ ਆਉਣ ਦਿਉ।ਮੁੱਖ ਮੰਤਰੀ ਨੇ ਕਿਹਾ ਕਿ ਖੇਤਾਂ ਵਿੱਚ ਪਾਣੀ ਭਰਨ ਅਤੇ ਸੇਮ ਦੀ ਸਮੱਸਿਆ ਬਹੁਤ ਪੁਰਾਣੀ ਹੈ, ਪਰ ਪਿਛਲੀਆਂ ਸਰਕਾਰਾਂ ਨੇ ਇਸ ਦੇ ਹੱਲ ਲਈ ਪਹਿਲਾਂ ਕੋਈ ਠੋਸ ਯਤਨ ਨਹੀਂ ਕੀਤਾ ਤੇਲੋਕਾਂ ਨੂੰ ਖ਼ਮਿਆਜ਼ਾ ਭੁਗਤਣਾ ਪਿਆ ਹੈ।ਇਸ ਮੌਕੇ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਪੰਜਾਬ ਦੇ ਅਨਾਜ ਪੈਦਾ ਕਰਨ ਵਾਲੇ ਕਿਸਾਨਾਂ ਨੂੰ ਕੁਦਰਤੀ ਆਫਤ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਫਸਲਾਂ ਦੇ ਨੁਕਸਾਨ ਦੀ ਗਿਰਦਾਵਰੀ ਕਰ ਕੇ ਮੁਆਵਜ਼ਾ ਛੇਤੀ ਵੰਡਿਆ ਜਾਵੇ।

# ਪੰਜਾਬ ਸਣੇ ਭਾਰਤ ਦੇ ਸੱਤ ਬਿਜਲੀ ਕਾਰੋਪੋਰੇਸ਼ਨਾਂ ਉਤੇ ਰੇਲਵੇ ਰੈਕਾਂ ਦਾ ਵਿੱਤੀ ਬੋਝ ਪਵੇਗਾ

* ਰੇਲਵੇ ਮੰਤਰਾਲੇ ਨੇ ਰਾਜਾਂ ਨੂੰ ਆਪੋ-ਆਪਣੇ ਰੈਕ ਖਰੀਦਣ ਨੂੰ ਕਿਹਾ

ਪਟਿਆਲਾ, 28 ਜੁਲਾਈ (ਪੋਸਟ ਬਿਊਰੋ)- ਪੰਜਾਬ ਸਮੇਤ ਭਾਰਤ ਦੇ ਸੱਤ ਬਿਜਲੀ ਕਾਰਪੋਰੇਸ਼ਨਾਂ ਉੱਤੇ ਰੇਲਵੇ ਰੈਕਾਂ ਦਾ ਵਿੱਤੀ ਬੋਝ ਪੈਣ ਲੱਗਾ ਹੈ। ਰੇਲ ਮੰਤਰਾਲੇ ਨੇ ਪੰਜਾਬ ਸਮੇਤ ਇਨ੍ਹਾਂ ਰਾਜਾਂ ਨੂੰ ਆਪੋ ਆਪਣੇ ਰੈਕ ਖਰੀਦ ਵਾਸਤੇ ਕਹਿ ਦਿੱਤਾ ਹੈ। ਮੰਤਰਾਲੇ ਅਨੁਸਾਰ ਰੈਕਾਂ (ਰੇਲ ਦੇ ਡੱਬਿਆਂ) ਦੀ ਘਾਟ ਕਰ ਕੇ ਕੋਲੇ ਦੀ ਸਪਲਾਈ ਠੀਕ ਢੰਗ ਨਾਲ ਨਹੀਂ ਹੋ ਰਹੀ, ਇਸ ਲਈ ਆਪੋ ਆਪਣੇ ਰੈਕ ਖਰੀਦੇ ਜਾਣ ਅਤੇ ਇਨ੍ਹਾਂ ਰੈਕਾਂ ਰਾਹੀਂ ਰੇਲਵੇ ਸਿਰਫ ਸਬੰਧਤ ਸੂਬੇ ਤੱਕ ਹੀ ਕੋਲਾ ਸਪਲਾਈ ਕਰੇਗਾ, ਅੱਗੇ ਪਲਾਂਟਾਂ ਤੱਕ ਖੁਦ ਪੁਚਾਉਣਾ ਹੋਵੇਗਾ। ਰੇਲ ਮੰਤਰਾਲੇ ਨੇ ਰੈਕ ਖਰੀਦਣ ਵਾਲੇ ਰਾਜਾਂ ਨੂੰ ਅਗਲੇ 15 ਸਾਲਾਂ ਤਕ ਢੋਆ-ਢੁਆਈ ਵਿੱਚ 10 ਫੀਸਦੀ ਛੋਟ ਦੇਣ ਦੀ ਗੱਲ ਵੀ ਕਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਰੇਲਵੇ ਮੰਤਰਾਲੇ ਨੇ ਪੰਜਾਬ ਤੇ ਰਾਜਸਥਾਨ ਬਿਜਲੀ ਕਾਰਪੋਰੇਸ਼ਨਾਂ ਨੂੰ ਨੌਂ-ਨੌਂ, ਉਤਰ ਪ੍ਰਦੇਸ਼ ਅਤੇ ਹਰਿਆਣਾ ਨੂੰ ਪੰਜ-ਪੰਜ, ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਨੂੰ 10-10 ਅਤੇ ਦਮੋਦਰ ਵੈਲੀ ਕਾਰਪੋਰੇਸ਼ਨ ਨੂੰ ਅੱਠ ਰੈਕ ਖਰੀਦਣ ਨੂੰ ਕਿਹਾ ਹੈ। ਇੱਕ ਰੈਕ ਦੀ ਕੀਮਤ ਲਗਭਗ 18 ਕਰੋੜ ਹੈ ਤੇ ਪੰਜਾਬ ਨੂੰ ਨੌਂ ਰੈਕ ਖਰੀਦਣ ਲਈ 162 ਕਰੋੜ ਰੁਪਏ ਦੀ ਲੋੜ ਹੋਵੇਗੀ। ਇਹ ਰੈਕ ਖਰੀਦ ਕੇ ਰੇਲਵੇ ਨੂੰ ਸੌਂਪਣੇ ਹੋਣਗੇ ਤੇ ਇਨ੍ਹਾਂ ਦੀ ਸਾਂਭ-ਸੰਭਾਲ ਲਈ ਰੇਲਮੰਤਰਾਲੇ ਨੂੰ ਖਰਚਾ ਵੀ ਦੇਣਾ ਪਵੇਗਾ।ਪੰਜਾਬ ਬਿਜਲੀ ਨਿਗਮ ਨੂੰ ਕੋਲੇ ਦੀ ਢੁਆਈ 2800 ਦੇ ਰੁਪਏ ਪ੍ਰਤੀ ਮੀਟ੍ਰਿਕ ਟਨ ਦੇਣੇ ਪੈਂਦੇ ਹਨ। ਇੱਕ ਰੈਕ ਮਹੀਨੇ ਵਿੱਚ ਚਾਰ ਚੱਕਰ ਲਾਉਂਦਾ ਹੈ ਅਤੇ ਰੈਕ ਵਿੱਚ ਚਾਰ ਹਜ਼ਾਰ ਟਨ ਕੋਲਾ ਹੁੰਦਾ ਹੈ।ਨਵੇਂ ਰੈਕ ਖਰੀਦਣ ਨਾਲ ਮਹੀਨੇ ਵਿੱਚ 36 ਚੱਕਰ ਲੱਗਣਗੇ। ਪੰਜਾਬ ਨੂੰ ਰੋਜ਼ਾਨਾ ਪੂਰੀ ਸਮਰੱਥਾ ਉੱਤੇ ਸਾਰੇ ਥਰਮਲ ਚਲਾਉਣ ਲਈ 20 ਰੈਕ ਕੋਲੇ ਦੀ ਲੋੜ ਹੈ ਤੇ ਸਟਾਕ ਵਿੱਚ ਘੱਟੋ-ਘੱਟ 22 ਦਿਨ ਦਾ ਵਾਧੂ ਕੋਲਾ ਵੀ ਚਾਹੀਦਾ ਹੈ। ਇਸ ਸਾਲ ਕੋਲੇ ਦੀ ਸਪਲਾਈ ਘਟਣ ਕਰ ਕੇ ਬਹੁਤੇ ਥਰਮਲਾਂ ਵਿੱਚ ਸਟਾਕ ਕਰਨ ਦੀ ਔਖ ਆਉਂਦੀ ਰਹੀ ਹੈ।ਜਾਣਕਾਰਾਂ ਦੇ ਮੁਤਾਬਕ ਇਸ ਸਕੀਮ ਨਾਲ ਪੰਜਾਬ ਨੂੰ ਫਾਇਦੇ ਦੀ ਆਸ ਨਹੀਂ।

# ਭਾਜਪਾ ਵੱਲੋਂ ਸੋਨੀਆ ਲਈ ਵਰਤੀ ਮਾੜੀ ਭਾਸ਼ਾ ਉਤੇ ਕਾਂਗਰਸ ਭੜਕੀ

* ਜੈਰਾਮ ਰਮੇਸ਼ ਨੇ ਜੇ ਪੀ ਨੱਢਾ ਨੂੰ ਚਿੱਠੀ ਲਿਖ ਕੇ ਨਾਰਾਜ਼ਗੀ ਪ੍ਰਗਟਾਈ

ਨਵੀਂ ਦਿੱਲੀ, 28 ਜੁਲਾਈ (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਆਪਣੀ ਪ੍ਰਧਾਨ ਸੋਨੀਆ ਗਾਂਧੀ ਦੇ ਖਿਲਾਫ ਭਾਜਪਾ ਦੇ ਬੁਲਾਰੇ ਦੀ ਭੈੜੀਅਤੇ ਸ਼ੋਭਾ ਨਾ ਦੇਣ ਵਾਲੀ ਟਿੱਪਣੀ ਉੱਤੇ ਸਖਤ ਇਤਰਾਜ਼ ਕਰਦਿਆਂ ਭਾਜਪਾ ਨੂੰ ਲੰਬੇ ਹੱਥੀਂ ਲਿਆ ਅਤੇ ਕਿਹਾ ਹੈ ਕਿ ਦੇਸ਼ ਦੀ ਸਨਮਾਨਤ ਆਗੂ ਸੋਨੀਆ ਗਾਂਧੀ ਪ੍ਰਤੀ ਬੇਹੱਦ ਘਟੀਆ ਲਹਿਜ਼ੇ ਵਿੱਚਇਸ ਭਾਸ਼ਾ ਦੀ ਵਰਤੋਂ ਭਾਜਪਾ ਦੀ ਔਰਤ ਵਿਰੋਧੀ'ਚਾਲ, ਚਰਿੱਤਰ ਤੇ ਚਿਹਰੇ' ਨੂੰ ਪੇਸ਼ ਕਰਦੀ ਹੈ। ਕਾਂਗਰਸ ਦੇ ਮੁਤਾਬਕ ਅਜਿਹੀ ਸ਼ਰਮਨਾਕ ਬਿਆਨਬਾਜ਼ੀ ਨਾਲ ਦੇਸ਼ ਦੀ ਸਿਆਸਤ ਦਾ ਪੱਧਰ ਲਗਾਤਾਰ ਡਿੱਗਦਾ ਜਾਂਦਾ ਹੈ, ਜਿਸਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੂੰ ਦੇਸ਼ ਦੀਆਂ ਔਰਤਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਭਾਜਪਾ ਦੇ ਕੌਮੀ ਬੁਲਾਰੇ ਪ੍ਰੇਮ ਸ਼ੁਕਲ ਦੀ ਇੱਕ ਨਿਊਜ਼ ਚੈਨਲ ਉੱਤੇ ਚਰਚਾ ਮੌਕੇ ਸੋਨੀਆ ਗਾਂਧੀ ਬਾਰੇ ਭੱਦੀ ਤੇ ਸ਼ੋਭਾ ਨਾ ਦੇਣ ਵਾਲੀ ਟਿੱਪਣੀ ਉੱਤੇ ਕਾਂਗਰਸ ਦੇ ਜਨਰਲ ਸੈਕਟਰੀ ਜੈਰਾਮ ਰਮੇਸ਼ ਨੇ ਬਿਆਨ ਜਾਰੀ ਕਰ ਕੇ ਇਤਰਾਜ਼ ਦਰਜ ਕਰਵਾਇਆ ਅਤੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੂੰ ਚਿੱਠੀ ਲਿਖ ਕੇ ਕਿਹਾ ਕਿ ਕਾਂਗਰਸ ਪ੍ਰਧਾਨ ਜਾਂ ਪਾਰਟੀ ਦੇ ਕਿਸੇ ਹੋਰ ਆਗੂ ਲਈ ਭੱਦੀ ਭਾਸ਼ਾ ਵਰਤਣ ਉੱਤੇ ਪਾਰਟੀ ਮਾਣਹਾਨੀ ਵਰਗੇ ਮੁਕ-ੱਦਮੇ ਦਾ ਕਾਨੂੰਨੀ ਕਦਮ ਚੁੱਕਣ ਲਈ ਮਜਬੂਰ ਹੋਵੇਗੀ।ਉਨ੍ਹਾਂ ਕਿਹਾ ਕਿ ਸੰਸਕਾਰਾਂ ਦੀ ਦੁਹਾਈ ਦੇਣ ਵਾਲੀ ਭਾਜਪਾ ਦੇ ਸਿਖਰਲੇ ਆਗੂਆਂ ਅਤੇ ਬੁਲਾਰਿਆਂ ਨੇ ਵਾਰ-ਵਾਰ ਦੇਸ਼ ਦੀਆਂ ਸਨਮਾਨਤ ਔਰਤਾਂ, ਖਾਸ ਤੌਰ ਉੱਤੇ ਰਾਸ਼ਟਰੀ ਪਾਰਟੀ ਦੀ 75 ਸਾਲਾ ਸਨਮਾਨਤ ਪ੍ਰਧਾਨ ਪ੍ਰਤੀ ਇਤਰਾਜ਼ਯੋਗ ਭਾਸ਼ਾ ਦੀ ਵਰਤੋਂ ਕੀਤੀ ਹੈ। ਵਿਰੋਧੀ ਧਿਰ ਦੇ ਆਗੂਆਂ ਲਈ ਅਪਸ਼ਬਦਾਂ ਦੀ ਵਰਤੋਂ ਕਰਨਾ ਭਾਜਪਾ ਦੀ ਔਰਤ ਵਿਰੋਧੀ ਸੋਚ ਨੂੰ ਦਰਸਾਉਂਦਾ ਹੈ। ਇਨ੍ਹਾਂ ਇਤਰਾਜ਼ਯੋਗ ਟਿੱਪਣੀਆਂ ਨਾਲ ਸਿਆ-ਸਤ ਦਾ ਪੱਧਰ ਡਿੱਗ ਰਿਹਾ ਹੈ। ਔਰਤਾਂ ਦਾ ਸਨਮਾਨ ਵੈਦਿਕ ਕਾਲ ਤੋਂ ਭਾਰਤ ਦੀ ਪਰੰਪਰਾ ਰਹੀ ਹੈ।

# ਹਮਜ਼ਾ ਸ਼ਰੀਫ ਨੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ



ਲਾਹੌਰ, 28 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਪੁੱਤਰ ਹਮਜ਼ਾ ਸ਼ਰੀਫ (47) ਨੇ ਕੱਲ੍ਹ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਵਜੋਂ ਦੋਬਾਰਾ ਸਹੁੰ ਚੁੱਕ ਲਈ। ਸਿਰਫ ਤਿੰਨ ਵੋਟਾਂ ਨਾਲ ਹਮਜ਼ਾ ਦੇ ਮੁੜ ਤੋਂ ਅਹੁਦੇ ਲਈ ਚਣੇ ਜਾਣ ਮਗਰੋਂ ਦੇਸ਼ ਵਿੱਚ ਰੋਸ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ ਅਤੇ ਵਿਰੋਧੀ ਉਮੀਦਵਾਰ ਚੌਧਰੀ ਪਰਵੇਜ਼ ਇਲਾਹੀ ਸੁਪਰੀਮ ਕੋਰਟ ਚਲਾ ਗਿਆ ਹੈ। ਸੁਪਰੀਮ ਕੋਰਟ ਨੇ ਪਟੀਸ਼ਨ ਸਵੀਕਾਰ ਕਰ ਕੇ ਡਿਪਟੀ ਸਪੀਕਰ ਅਤੇ ਹਮਜ਼ਾ ਨੂੰ ਨੋਟਿਸ ਜਾਰੀ ਕੀਤੇ ਹਨ, ਜਿਸ ਕਾਰਨ ਵਿਵਾਦ ਵਧਣ ਵਾਲਾ ਜਾਪਦਾ ਹੈ।

ਪੰਜਾਬ ਦੇ ਗਵਰਨਰ ਬਲਿਗਰ ਰਹਿਮਾਨ ਨੇ ਹਮਜ਼ਾ ਸ਼ਰੀਫ ਨੂੰ ਸਹੁੰ ਚੁਕਾਈ।ਪਾਕਿਸਤਾਨ ਦੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਉੱਤੇਪਰਸੋਂ ਪੰਜਾਬ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਅਹੁਦੇ ਦੀ ਚੋਣ ਹੋਈ ਅਤੇ ਹਮਜ਼ਾ ਨੂੰ ਜੇਤੂ ਐਲਾਨਿਆ ਗਿਆ ਸੀ, ਜਦ ਕਿ ਉਸ ਦੀ ਪਾਕਿਸਤਾਨ ਮੁਸਲਿਮ ਲੀਗ ਨਵਾਜ਼ ਪਾਰਟੀ ਕੋਲ ਵਿਧਾਨ ਸਭਾ ਵਿੱਚ ਬਹੁਮਤ ਨਹੀਂ ਸੀ। ਡਿਪਟੀ ਸਪੀਕਰ ਦੋਸਤ ਮੁਹੰਮਦ ਮਜ਼ਾਰੀ ਵੱਲੋਂ ਵਿਰੋਧੀ ਉਮੀਦਵਾਰ ਚੌਧਰੀ ਪਰਵੇਜ਼ ਇਲਾਹੀ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ ਕਿਊ ਦੇ 10 ਵੋਟ ਸੰਵਿਧਾਨ ਦੀ ਧਾਰਾ 63-ਏ ਦਾ ਹਵਾਲਾ ਦੇ ਕੇ ਰੱਦ ਕਰ ਦਿੱਤੇ ਸਨ।ਇਮਰਾਨ ਖਾਨ ਦੀ ਪਾਰਟੀ ਪੀ ਟੀ ਆਈ ਅਤੇ ਉਨ੍ਹਾਂ ਦੀ ਭਾਈਵਾਲ ਪੀਐਮ ਐਲ ਕਿਊ ਦੇ ਮੈਂਬਰਾਂ ਨੇ ਡਿਪਟੀ ਸਪੀਕਰ ਦੇ ਫੈਸਲੇ ਦਾ ਵਿਰੋਧ ਕੀਤਾ। ਇਹ ਦੂਜੀ ਵਾਰ ਹੈ ਕਿ ਹਮਜ਼ਾ ਨੇ ਪਰਵੇਜ਼ ਇਲਾਹੀ ਨੂੰ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਲਈ ਮੁਕਾ-ਬਲੇ ਵਿੱਚ ਹਰਾਇਆ ਹੈ। ਉਹ 16 ਅਪਰੈਲ ਨੂੰ ਜੇਤੂ ਐਲਾਨੇ ਗਏ ਸਨ, ਪਰ ਓਦੋਂ ਦੇ ਗਵਰਨਰ ਉਮਰ ਸਰਫਰਾਜ਼ ਚੀਮਾ ਨੇ ਉਸ ਨੂੰ ਸਹੁੰ ਚੁਕਾਉਣ ਤੋਂ ਇਨਕਾਰ ਕਰ ਦਿੱਤਾ ਸੀ। ਬਾਅਦ ਵਿੱਚ ਲਾਹੌਰ ਹਾਈ ਕੋਰਟ ਦੇ ਨਿਰਦੇਸ਼ਾਂ ਉੱਤੇ ਨੈਸ਼ਨਲ ਅਸੈਂਬਲੀ ਦੇ ਸਪੀਕਰ ਰਾਜਾ ਪਰਵੇਜ਼ ਅਸ਼ਰਫ ਨੇ ਹਮਜ਼ਾ ਨੂੰ ਸਹੁੰ ਚੁਕਾਈ ਸੀ।

ਪੀ ਟੀ ਆਈ ਪਾਰਟੀ ਦੇ ਚੇਅਰਮੈਨ ਇਮਰਾਨ ਖਾਨ ਨੇ ਹਮਜ਼ਾ ਦੀ ਜਿੱਤ ਉੱਤੇ ਹੈਰਾਨੀ ਪ੍ਰਗਟ ਕਰਦਿਆਂ ਆਸ ਪ੍ਰਗਟ ਕੀਤੀ ਕਿ ਸੁਪਰੀਮ ਕੋਰਟ ਇਨਸਾਫ ਕਰੇਗੀ ਅਤੇ ਪਾਰਟੀ ਦਾ ਫਤਵੇ ਚੁਰਾਉਣ ਵਾਲਿਆਂ ਉੱਤੇ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ, 'ਜਿਵੇਂ ਬੱਕਰੀਆਂ ਤੇ ਭੇਡਾਂ ਵੇਚੀਆਂ ਜਾਂਦੀਆਂ ਹਨ, ਉਸੇ ਤਰ੍ਹਾਂ ਪਾਰਲੀਮੈਂਟ ਮੈਂਬਰ ਮੇਰੇ ਖਿਲਾਫ ਭਰੋਸੇ ਦੇ ਵੋਟ ਸਮੇਂ ਵਿਕੇ ਸਨ ਅਤੇ ਪੰਜਾਬ ਦੇ ਮੁੱਖ ਮੰਤਰੀ ਦੀ ਚੋਣ ਸਮੇਂ ਵੀ ਇੰਝ ਹੀ ਹੋਇਆ ਹੈ।' ਉਨ੍ਹਾਂ ਨੌਜਵਾਨਾਂ ਸਮੇਤ ਲੋਕਾਂ ਨੂੰ ਦੇਸ਼ ਭਰ ਵਿੱਚ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਦੀ ਅਪੀਲ ਕੀਤੀ ਹੈ।

# ਚੀਨ ਵੱਲੋਂ ਆਪਣੇ ਪੁਲਾੜ ਸਟੇਸ਼ਨ ਦੇ ਪਹਿਲੇ ਲੈਬ ਮਾਡਿਊਲ ਵਾਲੀ ਸਫਲ ਲਾਂਚਿੰਗ



ਪੇਈਚਿੰਗ, 28 ਜੁਲਾਈ (ਪੋਸਟ ਬਿਊਰੋ)- ਚੀਨ ਨੇ ਕੱਲ੍ਹ ਆਪਣੇ ਨਵੇਂ ਬਣ ਰਹੇ ਪੁਲਾੜ ਸਟੇਸ਼ਨ ਦਾ ਪਹਿਲਾ ਲੈਬ ਮਾਡਿਊਲ ਸਫਲਤਾਪੂਰਵਕ ਲਾਂਚ ਕੀਤਾ ਹੈ। ਇਸ ਸਾਲ ਦੇ ਅੰਤ ਤਕ ਚੀਨ ਦੇ ਮਹੱਤਵਪੂਰਨ ਪੁਲਾੜ ਸਟੇਸ਼ਨ ਦੇ ਨਿਰਮਾਣ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਇਹ ਨਵਾਂ ਕਦਮ ਹੈ।

ਇਸ ਬਾਰੇ ਚੀਨ ਦੀ ਪੁਲਾੜ ਏਜੰਸੀ (ਸੀ ਐਮ ਐਸ ਏ) ਅਨੁਸਾਰ ਵੈਂਟੀਆਨ ਨੂੰ ਲੈ ਕੇ ਜਾ ਰਹੇ ਲਾਂਗ ਮਾਰਚ-5ਬੀ ਵਾਈ3 ਰਾਕੇਟ ਨੇ ਦੱਖਣੀ ਟਾਪੂ ਸੂਬੇ ਹੈਨਾਨ ਦੇ ਤੱਟ ਤੋਂ ਦੂਰ ਵੇਨਚਾਂਗ ਪੁਲਾੜ ਯਾਨ ਲਾਂਚ ਸਾਈਟ ਤੋਂ ਉਡਾਣ ਭਰੀ। ਨਵਾਂ ਮਾਡਿਊਲ ਅਸਲ ਮਾਡਿਊਲ ਦੀ ਥਾਂ ਲਵੇਗਾ, ਜਦੋਂ ਇਹ ਕੰਮ ਨਹੀਂ ਕਰੇਗਾ ਅਤੇ ਨਾਲ ਤਿਆਨਗੋਂਗ ਸਪੇਸ ਸੈਂਟਰ ਵਿੱਚ ਇੱਕ ਸ਼ਕਤੀਸ਼ਾਲੀ ਵਿਗਿਆਨਕ ਪ੍ਰਯੋਗਸ਼ਾਲਾ ਵਜੋਂ ਕੰਮ ਕਰੇਗਾ। ਚੀਨ ਫਿਲਹਾਲ ਇਸ ਸਪੇਸ ਸਟੇਸ਼ਨ ਦਾ ਨਿਰਮਾਣ ਕਰ ਰਿਹਾ ਹੈ। ਸਰਕਾਰੀ ਅਖ਼ਬਾਰ 'ਪੀਪਲਜ਼ ਡੇਲੀ' ਦੀ ਖ਼ਬਰ ਮੁਤਾਬਕ ਚੀਨ ਲੈਬ ਮਾਡਿਊਲ ਦੇ ਸਫਲ ਲਾਂਚ ਨਾਲ ਆਪਣੇ ਪੁਲਾੜ ਕੇਂਦਰ ਦਾ ਨਿਰਮਾਣ ਜਲਦੀ ਹੀ ਪੂਰਾ ਕਰਨ ਵਾਲਾ ਹੈ। ਚੀਨ ਦੇ ਤਿਆਨਗੋਂਗ ਸਪੇਸ ਸੈਂਟਰ ਦਾ ਨਿਰਮਾਣ ਇਸ ਸਾਲ ਤਕ ਪੂਰਾ ਹੋਣ ਦੀ ਉਮੀਦ ਹੈ। ਇਸ ਪਿੱਛੋਂ ਇਹ ਸਿੰਗਲ ਮਾਡਿਊਲ ਢਾਂਚੇ ਤੋਂ ਤਿੰਨਮਾਡਿਊਲ ਵਾਲੀ ਨੈਸ਼ਨਲ ਸਪੇਸ ਲੈਬਰਾਟਰੀ ਵਿੱਚ ਬਦਲ ਜਾਵੇਗਾ। ਇਨ੍ਹਾਂ ਵਿੱਚ ਮੂਲ ਮਾਡੀਊਲ ਤਿਆਨਹੇ ਤੇ ਮੇਂਗਤਿਆਨ ਸ਼ਾਮਲ ਹਨ। ਸਰਕਾਰੀ 'ਸ਼ਿਨਹੂਆ' ਨਿਊਜ਼ ਏਜੰਸੀ ਨੇ ਦੱਸਿਆ ਕਿ ਤਿਆਨਹੇ ਮਾਡਿਊਲ ਨੂੰ ਅਪ੍ਰੈਲ 2021 'ਚ ਭੇਜਿਆ ਗਿਆ ਸੀ ਅਤੇ ਮੇਂਗਤਿਆਨ ਮਾਡੀਊਲ ਨੂੰ ਇਸ ਸਾਲ ਅਕਤੂਬਰ ਵਿੱਚ ਭੇਜਿਆ ਜਾਣਾ ਹੈ।

# ਰੋਬੋਟ ਦੀ ਚਾਲ ਪੂਰੀ ਹੋਣ ਤੋਂ ਪਹਿਲਾਂ ਖਿਡਾਰੀ ਨੇ ਹੱਥ ਅੱਗੇ ਕੀਤਾ ਤਾਂ ਰੋਬੋਟ ਨੇ ਉਂਗਲ ਮਰੋੜ ਦਿੱਤੀ



ਮਾਸਕੋ, 28 ਜੁਲਾਈ (ਪੋਸਟ ਬਿਊਰੋ)- ਰੂਸ ਦੇ ਮਾਸਕੋ ਵਿੱਚ ਇੱਕ ਸ਼ਤਰੰਜ ਟੂਰਨਾਮੈਂਟ ਦੌਰਾਨ ਰੋਬੋਟ ਨਾਲ ਮੈਚ ਖੇਡਦੇ ਸੱਤ ਸਾਲਾ ਖਿਡਾਰੀ ਦੀ ਉਂਗਲ ਟੁੱਟ ਗਈ। ਇਹ ਘਟਨਾ ਮਾਸਕੋ ਓਪਨ ਚੈਸ ਟੂਰਨਾਮੈਂਟ ਦੌਰਾਨ 19 ਜੁਲਾਈ ਨੂੰ ਹੋਈ। ਚੈਸ ਫੈਡਰੇਸ਼ਨ ਦੇ ਵਾਇਸ ਪ੍ਰੈਜ਼ੀਡੈਂਟ ਸਰਗੇਈ ਸਮਾਗਿਨ ਨੇ ਇਹ ਜਾਣਕਾਰੀ ਦਿੱਤੀ।

ਇਸ ਸੰਬੰਧ ਵਿੱਚ ਉਨ੍ਹਾਂ ਨੇ ਦੱਸਿਆ ਕਿ ਟੂਰਨਾਮੈਂਟ ਦੌਰਾਨ ਕ੍ਰਿਸਟੋਫਰ (7) ਦਾ ਰੋਬੋਟ ਨਾਲ ਮੈਚ ਚੱਲ ਰਿਹਾ ਸੀ। ਇੱਕ ਮੌਕੇ ਰੋਬੋਟ ਦੀ ਚਾਲ ਪੂਰੀ ਕਰਨ ਤੋਂ ਪਹਿਲਾਂ ਕ੍ਰਿਸਟੋਫਰ ਨੇ ਆਪਣੀ ਚਾਲ ਚੱਲਣ ਨੂੰ ਹੱਥ ਅੱਗੇ ਵਧਾ ਦਿੱਤਾ ਤਾਂ ਰੋਬੋਟ ਨੇ ਉਸ ਦੀ ਉਂਗਲ ਫੜ ਲਈ, ਜੋ ਆਪਣੀ ਚਾਲ ਦੇ ਬਾਅਦ ਮੋਹਰੇ ਨੂੰ ਚੈਸ ਬੋਰਡ ਤੋਂ ਉਠਾ ਕੇ ਬਾਹਰ ਰੱਖ ਰਿਹਾ ਸੀ। ਕੁਝ ਪਲਾਂ ਲਈ ਲੱਗਾ ਕਿ ਲੜਕੇ ਦੀ ਉਂਗਲ ਰੋਬਟ ਦੇ ਹੱਥ ਵਿੱਚ ਫਸ ਗਈ ਹੈ। ਕੁਝ ਦੇਰ ਬਾਅਦ ਸਾਹਮਣੇ ਖੜ੍ਹੇ ਲੋਕ ਦਖਲ ਦਿੰਦੇ ਰਹੇ ਅਤੇ ਬੱਚੇ ਦੇ ਹੱਥ ਨੂੰ ਰੋਬਟ ਦੀ ਬਾਂਹ ਦੇ ਚੁੰਗਲ ਤੋਂ ਮੁਕਤ ਕਰਾਉਂਦੇ ਰਹੇ। ਕ੍ਰਿਸਟੋਫਰ ਨੌਂ ਸਾਲ ਤਕ ਦੀ ਉਮਰ ਦੇ ਤੀਹ ਸਭ ਤੋਂ ਮਜ਼ਬੂਤ ਸ਼ਤਰੰਜ ਖਿਡਾਰੀਆਂ ਵਿੱਚੋਂ ਹੈ। ਘਟਨਾ ਕਾਰਨ ਉਸ ਦੀ ਉਂਗਲ ਵਿੱਚ ਫਰੈਕਚਰ ਹੋ ਗਿਆ ਤੇ ਝਰੀਟ ਆ ਗਈ।ਸਮਾਗਿਨ ਨੇ ਦੱਸਿਆ, ਸੱਤ ਸਾਲਾ ਕ੍ਰਿਸਟੋਫਰ ਨੇ ਸੁਰੱਖਿਆ ਪ੍ਰੋਟੋਕਾਲ ਦੀ ਉਲੰਘਣਾ ਕੀਤੀ ਅਤੇ ਰੋਬੋਟ ਦੀ ਖੇਡਣ ਦੀ ਵਾਰੀ ਦੌਰਾਨ ਇੱਕ ਚਾਲ ਚੱਲਣ ਦੀ ਕੋਸ਼ਿਸ਼ ਕੀਤੀ। ਉਹ ਕਹਿੰਦੇ ਹਨ, ਇਹ ਇੱਕ ਅਨੋਖਾ ਮਾਮਲਾ ਹੈ, ਪਰ ਕ੍ਰਿਸਟੋਫਰ ਨੂੰ ਕਿਸੇ ਤਰ੍ਹਾਂ ਦੀ ਗੰਭੀਰ ਸੱਟ ਨਹੀਂ ਲੱਗੀ। ਉਹ ਆਪਣੀ ਉਂਗਲ ਨਾਲ ਖੇਡ ਸਕਦਾ ਹੈ। ਉਹ ਐਵਾਰਡ ਸੈਰੇਮਨੀ ਵਿੱਚ ਵੀ ਮੌਜੂਦ ਰਿਹਾ।

# ਪੁੱਤ ਵਰਗੇ ਬਲਦਾਂ ਨੂੰ..

–ਜੱਗਾ ਸਿੰਘ ਆਦਮਕੇ



ਮਨੁੱਖ ਦੇ ਜੰਗਲਾਂ ਵਿੱਚ ਨਿਵਾਸ ਦੇ ਸਮੇਂ ਤੋਂ ਵੱਖ ਵੱਖ ਤਰੀਕਿਆਂ ਨਾਲ ਜਾਨਵਰ ਉਸ ਦੇ ਸਹਿਯੋਗੀ ਰਹੇ ਹਨ। ਜਦੋਂ ਮਨੁੱਖ ਪੱਕੇ ਨਿਵਾਸ ਸਥਾਨ ਬਣਾ ਕੇ ਰਹਿਣ ਲੱਗਾ ਤਾਂ ਉਸ ਨੇ ਵੱਖ-ਵੱਖ ਉਦੇਸ਼ਾਂ ਲਈ ਜੰਗਲੀ ਜਾਨਵਰਾਂ, ਪਸ਼ੂਆਂ ਨੂੰ ਪਾਲਤੂ ਬਣਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਨੂੰ ਉਹ ਖਾਣ, ਦੁੱਧ ਲੈਣ, ਸਵਾਰੀ ਕਰਨ ਵਰਗੇ ਉਦੇਸ਼ਾਂ ਲਈ ਵਰਤਦਾ ਸੀ।ਜਦੋਂ ਉਸ ਨੇ ਆਪਣੀਆਂ ਭੋਜਨ ਸਬੰਧੀ ਜ਼ਰੂਰਤਾਂ ਲਈ ਖੇਤੀ ਕਰਨੀ ਸ਼ੁਰੂ ਕੀਤੀ ਤਾਂ ਉਸ ਨੇ ਵਾਹੀ ਬਿਜਾਈ ਲਈ ਪਸ਼ੂਆਂ ਦਾ ਸਹਿਯੋਗ ਲੈਣਾ ਸ਼ੁਰੂ ਕੀਤਾ। ਇਸ ਤਰ੍ਹਾਂ ਮਨੁੱਖ ਦੇ ਪਾਲਤੂ ਪਸ਼ੂਆਂ ਵਿੱਚ ਦੁੱਧ ਦੇਣ ਲਈ ਗਾਂ ਮਹੱਤਵ ਪੂਰਨ ਹੈ ਅਤੇ ਗਾਂ ਦੇ ਦਿੱਤੇ ਜਾਂਦੇ ਵੱਛੇ ਖੇਤੀਬਾੜੀ ਵਿੱਚ ਬਲਦਾਂ ਦੇ ਰੂਪ ਵਿੱਚ ਕਾਫ਼ੀ ਉਪਯੋਗੀ ਰਹੇ ਹਨ।

ਪੰਜਾਬੀ ਸੱਭਿਆਚਾਰ ਵਿੱਚ ਖੇਤੀ ਦਾ ਅਹਿਮ ਸਥਾਨ ਹੈ। ਖੇਤੀ ਨਾਲ ਜੁੜੇ ਸਾਰੇ ਪੱਖ ਪੰਜਾਬੀ ਸੱਭਿਆਚਾਰ, ਪੰਜਾਬੀ ਜਨ ਜੀਵਨ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ। ਕੁਝ ਇਸੇ ਤਰ੍ਹਾਂ ਗਾਂ ਦੇ ਵੱਛੇ ਵੱਡੇ ਹੋ ਕੇ ਬਲਦ ਬਣਦੇ ਸਨ ਤੇ ਉਹ ਖੇਤੀ ਵਿੱਚ ਆਪਣਾ ਮਹੱਤਵਪੂਰਨ ਰੋਲ ਨਿਭਾਉਂਦੇ ਸਨ। ਬਲਦ ਕਿਸਾਨ ਦੇ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਦੇ ਸਨ। ਖੇਤੀ ਵਿੱਚ ਬਲਦਾਂ ਦੀ ਮਹੱਤਵਪੂਰਨ ਭੂਮਿਕਾ ਕਾਰਨ, ਉਸ ਦੇ ਖੇਤੀ ਉਤਪਾਦਨ ਲਈ ਸਹਿਯੋਗੀ ਬਣਨ ਕਾਰਨ ਕਿਸਾਨਾਂ ਦਾ ਬਲਦਾਂ ਨਾਲ ਭਾਵਨਾਤਮਕ ਲਗਾਅ ਹੋਣਾ ਲਾਜ਼ਮੀ ਹੈ। ਅਜਿਹਾ ਹੋਣ ਕਾਰਨ ਉਹ ਬਲਦਾਂ ਨੂੰ ਪੁੱਤਰਾਂ ਦਾ ਦਰਜਾ ਦੇਂਦਾ ਅਤੇ ਉਨ੍ਹਾਂ ਦੀ ਸੇਵਾ ਪਾਣੀ ਦਾ ਵੀ ਪੂਰਾ ਖਿਆਲ ਕੁਝ ਇਸ ਤਰ੍ਹਾਂ ਰੱਖਦਾ-

ਬਾਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦੀਆਂ ਡਲ਼ੀਆਂ
ਪੁੱਤ ਵਰਗੇ ਬਲਦਾਂ ਨੂੰ
ਪਾ ਦੇ ਬਿਸ਼ਨੀਏਂ ਗੁਆਰੇ ਦੀਆਂ ਫਲੀਆਂ।

ਬਲਦਾਂ ਨੂੰ ਸ਼ਿੰਗਾਰਨਾ, ਉਨ੍ਹਾਂ ਦੇ ਰੰਗ ਬਿਰੰਗੀਆਂ ਨੱਥਾਂ ਪਾਉਣਾ ਅਤੇ ਗਲ ਵਿੱਚ ਟੱਲੀਆਂ ਪਾਉਣਾ ਕਿਸਾਨਾਂ ਦਾ ਸ਼ੌਕ ਹੁੰਦਾ ਸੀ। ਖੇਤਾਂ ਨੂੰ ਜਾਂਦੇ, ਖੇਤਾਂ ਵਿੱਚ ਵਾਹੁੰਦੇ ਤੇ ਬੀਜਦੇ ਸਮੇਂ ਟੱਲੀਆਂ ਦੀ ਟੁਣਕਾਰ ਦਾ ਮਿੱਠਾ ਸੰਗੀਤ ਸੁਣਾਈ ਦਿੰਦਾ। ਮੇਲਿਆਂ ਜਾਂ ਵਿਸ਼ੇਸ਼ ਕੰਮ ਲਈ ਲੈ ਕੇ ਜਾਣ ਸਮੇਂ ਬਲਦਾਂ ਦਾ ਸ਼ਿੰਗਾਰਿਆ ਜਾਣਾ ਆਮ ਜਿਹੀ ਗੱਲ ਸੀ। ਅਜਿਹੇ ਸਮੇਂ ਕਿਸਾਨ ਵਿਸ਼ੇਸ਼ ਮੌਕਿਆਂ ਸਾਂਬੇ ਘੁੰਗਰੂ ਕੱਢਣ ਲਈ ਕੁਝ ਇਸ ਤਰ੍ਹਾਂ ਕਹਿੰਦਾ-

* ਬੱਗੇ ਬਲਦਾਂ ਖਰਾਸੇ ਜਾਣਾ
ਜੈ ਕੁਰੇ ਕੱਢ ਘੁੰਗਰੂ।
* ਹਲ ਜੋੜਨੀ ਨ੍ਹਾਰੇ ਬੱਗੇ ਦੀ ਜੋੜੀ
ਕੋਠੀ ਵਿੱਚੋਂ ਕੱਢ ਘੁੰਗਰੂ।

ਗੱਡੇ ਨੂੰ ਬਲਦ ਜੋੜ ਕੇ ਰਿਸ਼ਤੇਦਾਰੀਆਂ ਵਿੱਚ ਵਿਆਹ ਆਦਿ ਲਈ ਲੈ ਕੇ ਜਾਣਾ ਆਵਾਜਾਈ ਦਾ ਜ਼ਰੂਰੀ ਹਿੱਸਾ ਰਿਹਾ ਹੈ। ਅਜਿਹਾ ਹੋਣ ਕਾਰਨ ਗੱਡੇ ਰਾਹੀਂ ਕੁਝ ਇਸ ਤਰ੍ਹਾਂ ਵੀ ਬਿਆਨ ਕੀਤਾ ਮਿਲਦਾ ਹੈ-

ਗੱਡਾ ਜੋੜ ਕੇ ਆ ਗਿਆ ਸਹੁਰੇ
ਆਣ ਖੜ੍ਹਾ ਦਰਵਾਜ਼ੇ
ਬਲਦਾਂ ਤੇਰਿਆਂ ਨੂੰ ਭੋਅ ਦਾ ਟੋਕਰਾ
ਤੈਨੂੰ ਦੋ ਪਰਸ਼ਾਦੇ
ਨੀਂਵੀਂ ਪਾ ਬਹਿੰਦਾ
ਪਾ ਲਏ ਭੌਰ ਉੱਤੇ ਦਾਬੇ

ਆਧੁਨਿਕ ਸਾਧਨਾਂ ਦੀ ਅਣਹੋਂਦ ਸਮੇਂ ਖੇਤੀ ਲਈ ਬਲਦ ਮਹੱਤਵਪੂਰਨ ਸਾਧਨ ਸੀ। ਅਜੋਕੇ ਸਾਧਨਾਂ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਕਿਸੇ ਕੋਲ ਚੰਗਾ ਗੱਡਾ ਅਤੇ ਬਲਦ ਹੋਣਾ ਵੀ ਮਾਣ ਤੇ ਉਸਦੇ ਸਾਧਨ ਸਪੰਨ ਹੋਣ ਦਾ ਪ੍ਰਤੀਕ ਸੀ। ਵਿਆਹ ਦੇ ਗੀਤਾਂ ਰਾਹੀਂ ਭੈਣਾਂ ਵੱਲੋਂ ਆਪਣੇ ਵੀਰ ਦੇ ਇਸ ਪੱਖ ਦੀ ਪ੍ਰਸ਼ੰਸਾ ਕੁਝ ਏਦਾਂ ਕੀਤੀ ਮਿਲਦੀ ਹੈ-

ਗੱਡੀ ਵੇ ਵੀਰਾ ਤੇਰੀ ਰੁਣਝੁਣੀ
ਵੇ ਕੋਈ ਬਲਦ ਕਲਹਿਰੀ ਮੋਰ
ਛਾਂਟਾ ਵੀ ਤੇਰਾ ਰੇਸ਼ਮੀ
ਦਿੱਤੀ ਛੱਡ ਬਲਦਾਂ ਦੀ
ਵੇ ਸੁਣ ਗਡਵਾਣੀਆਂ ਵੇ-ਡੋਰ

ਖੇਤੀ ਕਰਨ ਵਾਲੇ ਲੋਕ ਲੰਬੇ ਸਮੇਂ ਤੋਂ ਆਰਥਿਕ ਤੰਗੀਆਂ ਤੁਰਸ਼ੀਆਂ ਦੇ ਸ਼ਿਕਾਰ ਰਹੇ ਹਨ। ਕਿਸਾਨ ਦੇ ਕਰੜੀ ਮਿਹਨਤ ਮੁਸ਼ੱਕਤ ਕਰਨ ਦੇ ਬਾਵਜੂਦ ਹਾਲਾਤ ਵਿੱਚ ਕੋਈ ਖਾਸ ਤਬਦੀਲੀ ਨਹੀਂ ਆਈ। ਅਜਿਹਾ ਹੋਣ ਕਾਰਨ ਕਿਸਾਨਾਂ ਦਾ ਖੇਤੀ ਵਿੱਚ ਬਲਦਾਂ ਦੁਆਰਾ ਦਿੱਤਾ ਸਾਥ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ-

ਥੱਕੇ ਬਲਦ ਕਮਾਈਆਂ ਕਰਕੇ
ਫੇਰ ਵੀ ਨਾ ਆਈਆਂ ਤਬਦੀਲੀਆਂ।

ਖੇਤੀ ਦੀ ਵਾਹੀ ਬਿਜਾਈ ਲਈ ਕਿਸਾਨਾਂ ਵੱਲੋਂ ਸਵੇਰੇ ਜਲਦੀ ਬਲਦਾਂ ਗਲ਼ ਪੰਜਾਲ਼ੀ ਪਾਈ ਜਾਂਦੀ-

ਉਠ ਤੜਕੇ ਪਾਈ ਬਲਦਾਂ ਗਲ਼ ਪੰਜਾਲ਼ੀ
ਗੁਆਰਾ ਰੋਹੀ ਵਾਲੇ ਖੇਤ ਬੀਜਣਾ।

ਖੇਤੀ ਵਿੱਚ ਉਪਯੋਗੀ ਹੋਣ ਕਾਰਨ ਕਿਸਾਨ ਨੂੰ ਬਲਦਾਂ ਦੀ ਸਾਂਭ ਸੰਭਾਲ ਵੀ ਵਧੀਆ ਤਰੀਕੇ ਨਾਲ ਕਰਨੀ ਪੈਂਦੀ ਸੀ। ਬਲਦਾਂ ਦੀ ਸੰਭਾਲ ਦਾ ਫਿਕਰ ਅਤੇ ਇਸ ਲਈ ਸਮਾਂ ਦੇਣਾ ਕਿਸਾਨਾਂ ਲਈ ਜ਼ਰੂਰੀ ਸੀ। ਇਸ ਜ਼ਿੰਮੇਵਾਰੀ ਤੋਂ ਵਿਹਲੇ ਹੋ ਕੇ ਬੇਫਿਕਰ ਹੋਣ ਦਾ ਵਰਣਨ ਕੁਝ ਇਸ ਤਰ੍ਹਾਂ ਮਿਲਦਾ ਹੈ-

ਮੱਝ ਵੇਚ'ਤੀ, ਗਾਂ ਵੇਚ'ਤੀ
ਬਲਦ ਵੇਚ'ਤੇ ਬੱਗੇ।
ਨੀਂ ਬੁਗਦੂ ਮਿੱਤਰਾਂ ਦਾ
ਵਿੱਚ ਦਰਵਾਜ਼ੇ ਵੱਜੇ।

ਕਿਸਾਨ ਦਾ ਖੇਤੀਬਾੜੀ ਨਾਲ ਗੂੜ੍ਹਾ ਰਿਸ਼ਤਾ ਹੁੰਦਾ ਹੈ। ਉਸ ਵੱਲੋਂ ਖੇਤੀਬਾੜੀ ਵਿੱਚੋਂ ਨਿਕਲ ਕੇ ਕੋਈ ਹੋਰ ਕਿੱਤਾ ਅਪਣਾਉਣਾ ਔਖਾ ਹੁੰਦਾ ਹੈ। ਕਿੱਸਾ ਕਾਵਿ ਵਿੱਚ ਇਸ ਦਾ ਵਰਣਨ ਕੁਝ ਇਸ ਤਰ੍ਹਾਂ ਹੈ-

ਸਾਥੋਂ ਖੱਪਰੀ ਨਾਦ ਨਾ ਜਾਣ ਸਾਂਭੇ
ਅਸਾਂ ਢੱਗੇ ਹੀ ਅੰਤ ਨੂੰ ਜੋਵਣੇ ਨੇ।

ਬਲਦ ਖੇਤੀਬਾੜੀ ਵਿੱਚ ਵਾਹੀ ਤੇ ਬਿਜਲੀ, ਗੱਡੇ ਰਾਹੀਂ ਢੋਆ ਢੁਆਈ ਅਤੇ ਖੂਹ ਵਿੱਚੋਂ ਪਾਣੀ ਕੱਢਣ ਦੇ ਕੰਮ ਲਈ ਉਪਯੋਗੀ ਰਹੇ ਹਨ। ਕਿੱਸਾ ਹੀਰ ਵਿੱਚ ਇਸ ਸਬੰਧੀ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ-

ਬੈਠ ਮੰਗਦੀਆਂ ਸਾਲੀਆਂ ਚੀਚ ਛੱਲਾ
ਦੁੱਧ ਦੇਹ ਅਣਵਿਆਹੀ ਨੂੰ ਚਿੜੀ ਦਾ ਵੇ।
ਬਿਨਾਂ ਬਲਦਾਂ ਦੇ ਖੂਹ ਗੇੜ ਸਾਨੂੰ
ਅੱਡਾ ਖੜਕਦਾ ਕਾਠ ਦੀ ਘੜੀ ਦਾ ਵੇ।

ਬਲਦ ਪੰਜਾਬੀ ਕਿਸਾਨ ਦਾ ਮਹੱਤਵਪੂਰਨ ਸਾਥੀ ਸਨ, ਪਰ ਕਿਸੇ ਕਾਰਨ ਉਸ ਕੋਲੋਂ ਬਲਦ ਦਾ ਖੁੰਝ ਜਾਣਾ ਬਹੁਤ ਵੱਡਾ ਘਾਟਾ ਸਿੱਧ ਹੁੰਦਾ ਸੀ-

ਕਰਮਹੀਣ ਖੇਤੀ ਕਰੇ
ਸੋਕਾ ਪਵੇ ਜਾਂ ਢੱਗਾ ਮਰੇ

ਭਾਵੇਂ ਖੇਤੀਬਾੜੀ ਕਰਨ ਲਈ ਬਲਦਾਂ ਦਾ ਸਹਿਯੋਗ ਜ਼ਰੂਰੀ ਹੈ, ਪਰ ਕਿਸੇ ਵੱਲੋਂ ਆਪਣੇ ਸ਼ੌਕ ਪੂਰੇ ਕਰਨ ਲਈ ਕੁਝ ਇਸ ਤਰ੍ਹਾਂ ਕਿਹਾ ਮਿਲਦਾ-

ਭਾਵੇਂ ਵੇਚਦੇ ਨ੍ਹਾਰੇ ਬੱਗੇ ਦੀ ਜੋੜੀ,
ਕਲਿੱਪ ਕਰਵਾ ਮਿੱਤਰਾ।

ਲੋਕ ਕਹਾਵਤਾਂ, ਮੁਹਾਵਰਿਆਂ ਵਿੱਚ ਬਲਦਾਂ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ-

ਮਾੜਾ ਢੱਗਾ, ਛੱਤੀ ਰੋਗ

ਬਲਦਾਂ ਵਿੱਚ ਖੇਤੀ ਲਈ ਉਪਯੋਗੀ ਹੋਣ ਦੇ ਨਾਲ ਕਈ ਵਾਰ ਕੁਝ ਬਲਦ, ਖਾਸ ਕਰਕੇ ਵਹਿੜਕੇ ਭੂਸਰ ਜਾਂਦੇ ਅਤੇ ਆਪਣੇ ਮਾਲਕ ਨਾਲ ਰੰਜਿਸ਼ ਰੱਖਣ ਕਾਰਨ ਉਨ੍ਹਾਂ ਨੂੰ ਘੂਰਦੇ ਵੀ ਸਨ। ਇਸ ਕਾਰਨ ਕਿਸੇ ਵਿਅਕਤੀ ਵਿਸ਼ੇਸ਼ ਦੀ ਤੁਲਨਾ ਵਹਿੜਕੇ ਨਾਲ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ-

ਭਾਬੀ ਕਹਿੰਦੀ ਸੁਣ ਵੇ ਦਿਊਰਾ
ਹਾਲ ਸੁਣਾਵਾਂ ਸਾਰਾ।
ਦਾਰੂ ਪੀ ਕੇ ਰਹੇਂ ਝੂਲਦਾ
ਆ ਮਾਰੇਂ ਲਲਕਾਰਾ।
ਮੇਰੇ ਵੰਨੀਂ ਕੱਢਦਾ ਆਨੇ
ਜਿਵੇਂ ਵਹਿੜਕਾ ਨ੍ਹਾਰਾ।
ਅੰਦਰੋਂ ਡਰ ਲੱਗਦਾ
ਫਿਰਦਾ ਦਿਉਰ ਕੁਆਰਾ।

ਬਲਦਾਂ ਰਾਹੀਂ ਲੋਕ ਬੋਲੀਆਂ, ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਜ਼ਾਕ ਕੀਤਾ ਮਿਲਦਾ ਹੈ-

ਲਿਆ ਦਿਉਰਾ ਤੈਨੂੰ ਅੱਡ ਕਰ ਦਿਆਂ
ਦੇ ਕੇ ਵਹਿੜਕਾ ਲੰਡਾ।
ਵੇ ਤੂੰ ਉਹਦੀ ਪੂਛ ਫੜੀਂ
ਮੈਂ ਮਾਰੂੰਗੀ ਡੰਡਾ।

ਬਲਦ ਵੱਲੋਂ ਖੇਤੀਬਾੜੀ ਵਿੱਚ ਸਹਾਇਤਾ ਕਰਨ ਦੇ ਨਾਲ ਕਿਸਾਨ ਨਾਲ ਉਸ ਦੀ ਨੇੜਤਾ ਕੁਝ ਇਸ ਤਰ੍ਹਾਂ ਹੁੰਦੀ ਜਿਵੇਂ ਉਹ ਕਿਸਾਨ ਦਾ ਹਮਦਰਦ ਹੋਵੇ ਤੇ ਉਸ ਦੇ ਦੁੱਖਾਂ ਨੂੰ ਬਿਆਨਣ ਵਾਲਾ ਹੋਵੇ-

ਤੂੰ ਵੀ ਬਣ ਗਿਆ ਗਮਾਂ ਦਾ ਗਮੰਤਰੀ,
ਓ ਮੇਰੇ ਬੇਜ਼ਬਾਨ ਢੱਗਿਆ।

ਬਲਦਾਂ ਦੀਆਂ ਕਈ ਕਿਸਮਾਂ ਹਨ। ਇਨ੍ਹਾਂ ਦੀਆਂ ਆਪੋ ਆਪਣੀਆਂ ਵਿਸ਼ੇਸ਼ਤਾਵਾਂ ਹਨ। ਇਨ੍ਹਾਂ ਵਿੱਚ ਨਗੌਰੀ ਬਲਦ ਸਭ ਤੋਂ ਪ੍ਰਮੁੱਖ ਹੈ। ਇਹ ਨਸਲ ਨਗੌਰ ਖੇਤਰ ਵਿੱਚ ਤਿਆਰ ਹੋਈ ਅਤੇ ਬਹੁਤਾਤ ਵਿੱਚ ਪਾਈ ਜਾਣ ਕਾਰਨ ਇਸ ਦਾ ਨਾਂ ਨਗੌਰੀ ਹੈ। ਇਸ ਨਸਲ ਦੇ ਬਲਦ ਨੀਲ ਗਾਂ ਵਾਂਗ ਸੋਹਣੇ, ਛੋਟੇ ਸਿੰਗਾਂ ਵਾਲੇ, ਪਤਲੀ ਚਮੜੀ, ਪਤਲੇ ਸਰੀਰਾਂ ਵਾਲੇ ਹੁੰਦੇ ਹਨ। ਆਪਣੇ ਅਜਿਹੇ ਗੁਣਾਂ ਕਾਰਨ ਕਿਸੇ ਨੂੰ ਅਜਿਹਾ ਕਹਿਣ ਲਈ ਕਿ ਤੂੰ ਕੋਈ ਜ਼ਿਆਦਾ ਯੋਗ ਹੈ, ਉਸ ਨੂੰ ਕਿਹਾ ਜਾਂਦਾ ਹੈ ਕਿ ਤੂੰ ਜ਼ਿਆਦਾ ਨਗੌਰੀ ਹੈ। ਬਾਬੂ ਰਜਬ ਅਲੀ ਕੁਝ ਇਸ ਤਰ੍ਹਾਂ ਕਹਿੰਦਾ ਹੈ।

ਬਲਦ ਨਗੌਰੀ ਚੰਗੇ
ਤੇ ਅੰਬਰਸਰ ਜੌਹਰੀ ਚੰਗੇ।

ਬਲਦ ਪੰਜਾਬੀ ਜਨ ਜੀਵਨ, ਪੰਜਾਬੀ ਸੱਭਿਆਚਾਰ ਦਾ ਮਹੱਤਵਪੂਰਨ ਹਿੱਸਾ ਰਹੇ ਹਨ। ਅਜਿਹਾ ਹੋਣ ਕਾਰਨ ਲੋਕ ਬੋਲੀਆਂ ਵਿੱਚ ਵੀ ਬਲਦਾਂ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ-

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ
ਪਿੰਡ ਸੁਣੀਂਦਾ ਲੱਲੀਆਂ
ਉਥੋਂ ਦੇ ਦੋ ਬਲਦ ਸੁਣੀਂਦੇ
ਗਲ਼ ਵਿੱਚ ਜਿਨ੍ਹਾਂ ਦੇ ਟੱਲੀਆਂ
ਭੱਜ ਭੱਜ ਕੇ ਉਹ ਮੱਕੀ ਬੀਜਦੇ
ਗਿੱਠ ਗਿੱਠ ਲੱਗੀਆਂ ਛੱਲੀਆਂ।

ਜਵਾਨ ਬਲਦ ਨੂੰ ਵਹਿੜਕਾ ਕਿਹਾ ਜਾਂਦਾ ਹੈ। ਉਸ ਵਿੱਚ ਹਿੰਮਤ, ਜੋਸ਼, ਊਰਜਾ ਤੇ ਕੰਮ ਦੀ ਵੱਧ ਸਮਰੱਥਾ ਹੁੰਦੀ ਹੈ। ਵਿਆਹ ਵਿੱਚ ਦਿੱਤੀਆਂ ਜਾਂਦੀਆਂ ਸਿੱਠਣੀਆਂ ਵਿੱਚ ਕੁੜਮ ਨੂੰ ਵਹਿੜਕੇ ਨਾਲ ਇਸ ਤਰ੍ਹਾਂ ਤੁਲਨ-ਾਇਆ ਜਾਂਦਾ ਹੈ-

ਮਣ ਮੱਕੀ ਪਿਸਾ ਲਉ ਜੀ
ਸਾਡਾ ਕੁੜਮ ਵਹਿੜਕੇ ਵਰਗਾ।

ਬਲਦ ਬਹੁ ਉਪਯੋਗੀ ਪਸ਼ੂ ਰਿਹਾ ਹੈ। ਹਲ਼ ਵਾਹੁਣ, ਚੱਕੀ ਚਲਾਉਣ, ਖੂਹ ਵਿੱਚੋਂ ਪਾਣੀ ਕੱਢਣ, ਕੋਹਲੂ ਚਲਾਉਣ, ਗੱਡੇ ਰਾਹੀਂ ਆਵਾਜਾਈ ਵਰਗੇ ਉਦੇਸ਼ਾਂ ਲਈ ਉਪਯੋਗ ਹੁੰਦਾ ਰਿਹਾ ਹੈ। ਬਲਦ ਦੇ ਖੂਹ ਗੇੜਨ ਰਾਹੀਂ ਕੁਝ ਇਸ ਤਰ੍ਹਾਂ ਵੀ ਬਿਆਨ ਕੀਤਾ ਗਿਆ ਮਿਲਦਾ ਹੈ-

ਅੱਖਾਂ ਬੱਧੇ ਢੱਗੇ ਵਾਂਗੂ,
ਗੇੜਾਂ ਮੈਂ ਤਾਂ ਖੂਹ ਵੇ ਬਾਬਾ
ਮਾਲਕ ਜਾਣੇ ਖੂਹ ਦਾ ਪਾਣੀ,
ਜਾਵੇ ਕਿਹੜੀ ਜੂਹ ਵੇ ਬਾਬਾ

ਆਧੁਨਿਕਤਾ ਦੇ ਦੌਰ ਵਿੱਚ ਬਲਦਾਂ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ। ਇਸ ਕਾਰਨ ਬਲਦਾਂ ਦੀ ਉਹ ਕਦਰ ਨਹੀਂ ਰਹੀ, ਜਿਹੜੀ ਪਹਿਲਾਂ ਹੁੰਦੀ। ਅੱਜ ਕੋਈ ਨਗੌਰੀ ਬਲਦ ਲੈਣ ਨਗੌਰ ਨਹੀਂ ਜਾਂਦਾ। ਨਾ ਹੀ ਬਲਦਾਂ ਦੀ ਪਹਿਲਾਂ ਵਾਂਗ ਸਾਂਭ ਸੰਭਾਲ ਕਰਦਾ ਹੈ ਅਤੇ ਨਾ ਹੀ ਹਾਰ ਸ਼ਿੰਗਾਰ ਕਰਦਾ ਹੈ-

ਨਾ ਕੋਈ ਬਲਦਾਂ ਦੇ ਸਿੰਗ ਤੇਲ ਲਾ ਸ਼ਿੰਗਾਰੇ
ਨਾ ਸਿੰਗਾਂ ਨਗੌਰੀਆਂ ਦੇ ਪੈਣ ਲਿਸ਼ਕਾਰੇ

# ਕਹਾਣੀ

# ਕੁਕਨੂਸ

–ਸਤਪਾਲ ਸਿੰਘ–

ਵਾਹ ਵਸਤਾ ਤਾਂ ਜੱਗੇ ਨਾਲ ਅਠਾਰਾਂ-ਵੀਹ ਸਲ ਪਹਿਲਾਂ ਦਾ ਏ। ਜਿਸ ਦਿਨ ਮੇਰੇ ਨਵੇਂ ਘਰ ਦੀ ਨੀਂਹ ਰੱਖੀ ਸੀ, ਉਸੇ ਦਿਨ ਤੋਂ ਲੈ ਕੇ ਸਾਰੇ ਘਰ ਦੀ ਤਿਆਰੀ ਤੱਕ ਉਹ ਮਿਸਤਰੀ ਨਾਲ ਮਜ਼ਦੂਰੀ ਕਰਦਾ ਰਿਹਾ। ਕਾਮਾ ਇੰਨਾ ਕਿ ਕਦੀ ਵੀ ਕੰਮ ਨੂੰ ਕਹਿਣ ਦੀ ਜ਼ਰੂਰਤ ਨਾ ਪੈਂਦੀ, ਸਗੋਂ ਨਾਲ ਦੇ ਮਜ਼ਦੂਰਾਂ ਨੂੰ ਵੀ ਅਕਸਰ ਕਹਿੰਦਾ ਸੁਣਦਾ, ਓਏ ਦਿਲ ਲਾ ਕੇ ਕੰਮ ਕਰਿਆ ਕਰੋ। ਮਾਲਕ ਨੇ ਪੈਸੇ ਕੰਮ ਦੇ ਦੇਣੇ ਨੇ, ਅੱਧਾ-ਅੱਧਾ ਘੰਟਾ ਜਰਦਾ ਮਲਣ ਦੇ ਨ੍ਹੀਂ। ਨਾਲੇ ਹਰਾਮ ਦਾ ਪੈਸਾ ਫਲਦਾ ਨ੍ਹੀਂ ਹੁੰਦਾ। ਇੱਕ ਦਿਨ ਮਿਸਤਰੀ ਬੋਲਿਆ, ''ਜੱਗਿਆ, ਇਹ ਪੈਸਾ ਵੀ ਸਾਲਾ ਬੜਾ ਕੁੱਤੀ ਚੀਜ਼ ਐ। ਇਹ ਹਰਾਮ ਦਾ ਪੈਸਾ ਸਾਡੇ ਗਰੀਬਾਂ ਦੇ ਨ੍ਹੀ ਫਲਦਾ। ਅਮੀਰਾਂ ਨੂੰ ਦੇਸੀ ਘਿਓ ਵਾਂਗ ਲੱਗਦਾ ਏ।'' ਜੱਗਾ ਆਪਣੀ ਗੱਲ ਉੱਤੇ ਅਟੱਲ ਰਹਿੰਦਾ ਅਤੇ ਕਹਿੰਦਾ: ਫੇਰ ਸਾਰੇ ਜਹਾਨ ਦੀਆਂ ਬਿਮਾਰੀਆਂ ਵੀ ਉਨ੍ਹਾਂ ਨੂੰ ਹੀ ਲੱਗਦੀਆਂ ਨੇ।

ਘਰ ਦਾ ਕੰਮ ਪੂਰਾ ਹੋ ਜਾਣ ਤੋਂ ਬਾਅਦ ਵੀ ਉਹ ਸਾਲ ਛਿਮਾਹੀ ਮਿਲਦਾ ਗਿਲਦਾ ਰਹਿੰਦਾ। ਅੱਜ ਤੋਂ ਪਹਿਲਾਂ ਉਹ ਨੋਟਬੰਦੀ ਸਮੇਂ ਮੇਰੇ ਕੋਲ ਆਇਆ ਸੀ। ਸਾਰੇ ਚਲਦੇ ਕੰਮ ਇਕਦਮ ਠੱਪ ਹੋ ਗਏ। ਜੱਗੇ ਨੇ ਹੋਰ ਕਈ ਕੰਮਾਂ ਦੀ ਭਾਲ ਕੀਤੀ, ਪਰ ਕਿਤੇ ਕੰਮ ਨਾ ਮਿਲਿਆ। ਇਸ ਲਈ ਉਹ ਕੋਈ ਕੰਮ ਸ਼ੁਰੂ ਕਰਨ ਲਈ ਮੈਥੋਂ ਮਦਦ ਮੰਗਣ ਆਇਆ ਸੀ। ਮੈਂ ਸੋਚਿਆ ਕਿ ਨਵਾਂ ਕੰਮ ਸ਼ੁਰੂ ਕਰਨ ਲਈ ਘੱਟੋ ਘੱਟ ਪੰਦਰਾਂ ਵੀਹ ਹਜ਼ਾਰ ਤਾਂ ਮੰਗੇਗਾ, ਪਰ ਐਨੇ ਪੈਸੇ ਇਹ ਮਜ਼ਦੂਰ ਵਾਪਸ ਕਿਵੇਂ ਕਰੇਗਾ, ਉਹ ਵੀ ਨੋਟਬੰਦੀ ਦੌਰਾਨ। ਮੈਂ ਸੋਚਾਂ ਵਿੱਚ ਸੀ ਕਿ ਉਸ ਨੇ ਇੱਕ ਹਜ਼ਾਰ ਰੁਪਏ ਦੀ ਮੰਗ ਕੀਤੀ।

ਮੈਂ ਹੈਰਾਨੀ ਨਾਲ ਪੁੱਛਿਆ, ''ਜੱਗਿਆ, ਇੱਕ ਹਜ਼ਾਰ ਨਾਲ ਕਿਹੜਾ ਕੰਮ ਸ਼ੁਰੂ ਕਰਨੈ?''

ਉਸ ਨੇ ਕਿਹਾ, ''ਜੀ ਮੈਂ ਬਸ ਅੱਡੇ ਕੋਲ ਚਾਹ ਦੀ ਦੁਕਾਨ ਲਾਉਣੀ ਐ, ਜਗ੍ਹਾ ਮੈਂ ਦੇਖ ਲਈ ਐ। ਚਾਹ ਬਣਾਉਣ ਵਾਲਾ ਭਾਂਡਾ, ਸਟੋਵ ਅਤੇ ਇੱਕ ਮੇਜ਼ ਮੇਰੇ ਕੋਲ ਹੈਗਾ। ਬਸ ਚੀਨੀ, ਚਾਹ ਪੱਤੀ, ਮੱਠੀਆਂ, ਲੱਡੂ ਅਤੇ ਕੱਚ ਦੇ ਗਲਾਸ ਅਤੇ ਛਿੱਕੂ ਲੈਣੇ ਨੇ।''

ਮੈਂ ਉਸ ਨੂੰ ਇੱਕ ਹਜ਼ਾਰ ਰੁਪੱਈਆ ਦੇ ਕੇ ਕਿਹਾ, ''ਕੋਈ ਨੀਂ, ਹੋਰ ਲੋੜ ਹੋਵੇ ਦੱਸੀਂ।'' ਉਸ ਨੇ ਪੈਸੇ ਸੰਭਾਲ ਕੇ ਜੈਕਟ ਦੀ ਅੰਦਰਲੀ ਜੇਬ ਵਿੱਚ ਪਾਉਂਦਿਆਂ, ਜਲਦੀ ਪੈਸੇ ਵਾਪਸ ਕਰਨ ਦਾ ਵਾਅਦਾ ਕੀਤਾ ਤੇ ਚਲਾ ਗਿਆ।

ਮੈਂ ਸੋਚਿਆ ਕਿ ਜੇ ਨਾ ਵੀ ਵਾਪਸ ਕਰੇਗਾ ਤਾਂ ਕੋਈ ਗੱਲ ਨੀਂ। ਚਲੋ ਗਰੀਬ ਆਦਮੀ ਦੇ ਘਰ ਰੋਟੀ ਪੱਕਦੀ ਹੋਜੂ, ਪਰ ਵੀਹ ਕੁ ਦਿਨ ਬਾਅਦ ਉਹ ਮੈਨੂੰ ਤਿੰਨ ਸੌ ਰੁਪੱਈਆ ਵਾਪਸ ਕਰ ਗਿਆ। ਮੈਂ ਉਸ ਤੋਂ ਨਾ ਚਾਹੁੰਦੇ ਹੋਏ ਵੀ ਪੈਸੇ ਲੈ ਲਏ ਤਾਂ ਜੋ ਉਸ ਦੇ ਆਤਮ ਸਨਮਾਨ ਨੂੰ ਸੱਟ ਨਾ ਵੱਜੇ। ਇਸ ਤਰ੍ਹਾਂ ਹੌਲੀ-ਹੌਲੀ ਉਹ ਬਾਕੀ ਪੈਸੇ ਵਾਪਸ ਕਰ ਗਿਆ। ਉਸ ਦਾ ਕੰਮ ਵਧੀਆ ਚੱਲ ਰਿਹਾ ਸੀ, ਪਰ ਇਸ ਵਾਰ ਕੋਰੋਨਾ ਕਾਲ ਨੇ ਉਸ ਦਾ ਸਾਰਾ ਕੰਮ ਤਹਿਸ ਨਹਿਸ ਕਰ ਦਿੱਤਾ। ਇਕੱਲੇ ਜੱਗੇ ਦੀ ਦੁਕਾਨ ਹੀ ਨਹੀਂ, ਕਰਫਿਊ ਕਾਰਨ ਸਾਰਾ ਜਨਜੀਵਨ ਹੀ ਠੱਪ ਹੋ ਗਿਆ। ਦੁਕਾਨਦਾਰ, ਦਿਹਾੜੀਦਾਰ, ਰੇਹੜੀ ਫੜ੍ਹੀ ਵਾਲੇ, ਮਜ਼ਦੂਰ ਅਤੇ ਹੋਰ ਹਰ ਰੋਜ਼ ਕਮਾ ਕੇ ਰਾਤ ਨੂੰ ਚੁੱਲ੍ਹਾ ਜਲਾਉਣ ਵਾਲਿਆਂ ਦਾ ਹੋਰਾਂ ਨਾਲੋਂ ਵੱਧ ਬੁਰਾ ਹਾਲ ਹੋ ਗਿਆ। ਸਰਕਾਰ ਵੱਲੋਂ ਜੋ ਰਾਸ਼ਨ ਦੀ ਵੰਡ ਹੋਈ, ਉਹ ਕਾਫੀ ਪਿੰਡਾਂ ਦੀ ਪਾਰੀਟਬਾਜ਼ੀ ਦੀ ਭੇਟ ਚੜ੍ਹ ਗਈ, ਪਰ ਜੱਗੇ ਵਰਗਾ ਅਰਖੀ ਬੰਦਾ ਮੁਫਤ ਰਾਸ਼ਨ ਲੈਣ ਲਈ ਕਿਸੇ ਅੱਗੇ ਲੇਲ੍ਹੜੀਆਂ ਨਹੀਂ ਸੀ ਕੱਢਣੀਆਂ ਚਾਹੁੰਦਾ।

ਅੱਜ ਫਿਰ ਜੱਗੇ ਨੇ ਮੇਰੇ ਘਰ ਦੀ ਘੰਟੀ ਆ ਵਜਾਈ। ਮੈਂ ਗੇਟ ਖੋਲ੍ਹਿਆ, ਬਾਹਰ ਉਹ ਹੱਥ ਜੋੜੀ ਖੜ੍ਹਾ ਸੀ। ਮੈਂ ਉਸ ਨੂੰ ਅੰਦਰ ਬਿਠਾ ਕੇ ਚਾਹ ਪਿਲਾਈ ਤੇ ਆਉਣ ਦਾ ਕਾਰਨ ਪੁੱਛਿਆ। ਅੱਜ ਉਹ ਫਿਰ ਨਵਾਂ ਕੰਮ ਸ਼ੁਰੂ ਕਰਨ ਲਈ ਮੇਰੀ ਮਦਦ ਮੰਗਣ ਆਇਆ ਸੀ। ਮੈਂ ਕਿਹਾ, ''ਜੱਗਿਆ, ਸਾਰਾ ਜਨਜੀਵਨ ਠੱਪ ਪਿਆ ਏ, ਕਰਫਿਊ ਲੱਗਿਆ ਹੋਇਆ ਏ। ਇਸ ਸਮੇਂ ਕਿਹੜਾ ਕੰਮ ਸ਼ੁਰੂ ਕਰਨਾ ਏ?''

ਉਸ ਨੇ ਕਿਹਾ, ''ਜੀ ਮੈਂ ਸਬਜ਼ੀ ਵੇਚਣ ਦਾ ਕੰਮ ਸ਼ੁਰੂ ਕਰਨੈ। ਜੀ ਰਿਕਸ਼ਾ ਰੇਹੜੀ ਮੈਂ ਕਿਰਾਏ ਉੱਤੇ ਲੈ ਲਈ। ਜੇ ਤੁਸੀਂ ਪੰਜ ਕੁ ਹਜ਼ਾਰ ਦੀ ਕਿਰਪਾ ਕਰਦੋ, ਥੋਡੀ ਬੜੀ ਮਿਹਰਬਾਨੀ ਹੋਊਗੀ। ਮੈਂ ਸਵੇਰੇ ਮੰਡੀਓਂ ਆਲੂ, ਪਿਆਜ਼ਾਂ ਦੀ ਬੋਰੀ, ਸਬਜ਼ੀਆਂ ਤੇ ਫਲ ਲੈ ਆਵਾਂਗਾ। ਇਹ ਪਿੰਡਾਂ ਵਿੱਚ ਵੇਚ ਕੇ ਪਰਵਾਰ ਦਾ ਢਿੱਡ ਭਰਨ ਜੋਗੇ ਹੋਜਾਂਗੇ।''

ਉਸ ਸਮੇਂ ਸਾਰੀਆਂ ਦੁਕਾਨਾਂ, ਬਾਜ਼ਾਰ ਬੰਦ ਹੋਣ ਕਾਰਨ ਸਿਰਫ ਫਲਾਂ, ਸਬਜ਼ੀਆਂ ਦੀਆਂ ਰੇਹੜੀਆਂ ਵਾਲਿਆਂ ਨੂੰ ਤੁਰ ਫਿਰ ਕੇ ਸਮਾਨ ਵੇਚਣ ਦੀ ਇਜਾਜ਼ਤ ਸੀ। ਜੱਗੇ ਦੇ ਸਿਦਕ ਨੂੰ ਦੇਖ ਕੇ ਮੈਨੂੰ ਜਾਪਾਨ ਦੇ ਇੱਕ ਮਿਥਿਹਾਸਕ ਜੀਵ ਕੁਕਨੂਸ ਦੀ ਕਹਾਣੀ ਯਾਦ ਆ ਗਈ। ਮਿੱਥ ਅਨੁਸਾਰ ਜਾਪਾਨ ਵਿੱਚ ਇੱਕ ਅਜਿਹਾ ਜੀਵ ਪਾਇਆ ਜਾਂਦਾ ਹੈ ਕਿ ਜੇ ਉਹ ਅੱਗ ਵਿੱਚ ਸੜ ਵੀ ਜਾਵੇ ਤਾਂ ਉਹ ਆਪਣੀ ਇੱਛਾ ਸ਼ਕਤੀ ਨਾਲ ਸੁਆਹ ਵਿੱਚੋਂ ਦੁਬਾਰਾ ਪੈਦਾ ਹੋ ਕੇ ਤੁਰ ਪੈਂਦਾ ਹੈ। ਇਹ ਕਹਾਣੀ ਪਹਿਲਾਂ ਮੈਨੂੰ ਆਚੰਭਿਤ ਕਰਦੀ ਸੀ, ਪਰ ਦੇਸ਼ ਵਿੱਚ ਹੋਈ ਨੋਟਬੰਦੀ, ਕੋਰੋਨਾ ਕਾਲ ਦੌਰਾਨ ਲੰਮਾ ਲਾਕਡਾਊਨ, ਕਰਫਿਊ ਸਮੇਂ ਇਹ ਭੁਲੇਖਾ ਦੂਰ ਹੋ ਗਿਆ। ਜੱਗੇ ਵਰਗੇ ਗਰੀਬ ਮਜ਼ਦੂਰ, ਰੇਹੜੀ ਫੜ੍ਹੀ ਵਾਲੇ ਤੇ ਹੋਰ ਨਿੱਕਾ ਮੋਟਾ ਕੰਮ ਕਰ ਕੇ ਆਪਣਾ ਅਤੇ ਬੱਚਿਆਂ ਦਾ ਢਿੱਡ ਭਰਨ ਵਾਲੇ, ਇਹ ਸਾਰੇ ਕੁਕਨੂਸ ਹੀ ਤਾਂ ਹਨ। ਲਾਕਡਾਊਨ ਦੌਰਾਨ ਜਦੋਂ ਸਾਰੀ ਆਵਾਜਾਈ ਬੰਦ ਸੀ। ਉਸ ਸਮੇਂ ਦੋ ਦੋ ਸੌ ਚਾਰ ਚਾਰ ਸੌ ਕਿਲੋਮੀਟਰ ਪੈਦਲ ਸਫਰ ਕਰ ਕੇ ਆਪਣੇ ਪਿੱਤਰੀ ਘਰਾਂ ਨੂੰ ਵਾਪਸੀ ਕਰਨ ਵਾਲੇ ਸਾਰੇ ਕੁਕਨੂਸ ਹਨ। ਸਾਡਾ ਦੇਸ਼ ਕੁਕਨੂਸਾਂ ਨਾਲ ਭਰਿਆ ਪਿਆ ਏ। ਜਾਪਾਨ ਦਾ ਕੁਕਨੂਸ ਬੇਸ਼ੱਕ ਮਿਥਿਹਾਸਕ ਜੀਵ ਹੈ, ਪਰ ਸਾਡੇ ਦੇਸ਼ ਦੇ ਕੁਕਨੂਸ ਇਤਿਹਾਸਕ ਵੀ ਹਨ ਅਤੇ ਅਜੋਕੇ ਸਮੇਂ ਵਿੱਚ ਖੁਦ ਨੂੰ ਪ੍ਰਭਾਸ਼ਿਤ ਕਰਦੇ ਹੋਏ, ਸੁਆਹ ਦੇ ਢੇਰ ਵਿੱਚੋਂ ਹੌਲੀ ਹੌਲੀ ਦੁਬਾਰਾ ਉਠ ਕੇ ਪੱਲੀਆਂ ਦਾਤੀਆਂ, ਹਥੌੜੇ, ਕਹੀਆਂ, ਸਾਇਕਲਾਂ ਨੂੰ ਮੁੜ ਜਾ ਹੱਥ ਪਾਉਂਦੇ ਹਨ।

''ਸਰਦਾਰ ਜੀ ਜੇ ਪੰਜ ਹਜ਼ਾਰ ਨ੍ਹੀਂ ਤਾਂ ਤਿੰਨ ਹਜ਼ਾਰ ਹੀ ਦੇ ਦਿਓ।'' ਜੱਗੇ ਦੀ ਮਿੰਨਤ ਭਰੀ ਆਵਾਜ਼ ਨੇ ਮੈਨੂੰ ਸੋਚਾਂ ਵਿੱਚੋਂ ਬਾਹਰ ਕੱਢਿਆ। ਮੈਂ ਬਿਨਾਂ ਕੋਈ ਅਗਲਾ ਸੁਆਲ ਕੀਤਿਆਂ ਉਸ ਨੂੰ ਪੰਜ ਹਜ਼ਾਰ ਰੁਪਏ ਦੇ ਦਿੱਤੇ। ਉਸ ਨੇ ਆਪਣੇ ਸਿਰ ਤੋਂ ਪਰਨਾ ਉਤਾਰਿਆ। ਪੈਸੇ ਸਾਂਭ ਕੇ ਪਰਨ ਦੇ ਲੜ ਵਿੱਚ ਬੰਨ੍ਹ ਲਿਆ, ਜਿਵੇਂ ਬਹੁਤ ਵੱਡੀ ਰਕਮ ਲੁਕੋ ਕੇ ਲੈ ਜਾ ਰਿਹਾ ਹੋਵੇ, ਪਰ ਉਸ ਸਮੇਂ ਗਰੀਬ ਆਦਮੀ ਲਈ, ਇਹ ਰਕਮ ਵੱਡੀ ਸੀ। ਸੁਆਹ ਦੇ ਢੇਰ ਵਿੱਚੋਂ ਆਪਣੀ ਇੱਛਾ ਸ਼ਕਤੀ ਨਾਲ ਦੁਬਾਰਾ ਪੈਦਾ ਹੋਏ ਇਸ ਕੁਕਨੂਸ ਨੇ ਅਗਲੇ ਦਿਨ ਫਲਾਂ ਸਬਜ਼ੀਆਂ ਦਾ ਹੋਕਾ ਪਿੰਡਾਂ ਵਿੱਚ ਜਾ ਲਾਇਆ।

# ਜੇਲ੍ਹਾਂ ਵਿਚ ਅੰਡਰਟਰਾਇਲਜ਼ ਦੀ ਵਧਦੀ ਗਿਣਤੀ ਚਿੰਤਾਜਨਕ- ਸੁਪਰੀਮ ਕੋਰਟ

ਆਓ ਵਿਚਾਰ ਕਰੀਏ

ਇਹ ਵਾਲਾ ਮਸਲਾ ਕਦੀ ਪਹਿਲਾਂ ਵੀ ਚਲਿਆ ਸੀ ਅਤੇ ਇਹ ਆਖਿਆ ਗਿਆ ਸੀ ਕਿ ਸਾਡੀਆਂ ਜੇਲ੍ਹਾਂ ਵਿੱਚ ਅਸਲੀ ਸਜ਼ਾਯਾਫਤਾ ਕੈਦੀਆਂ ਦੀ ਗਿਣਤੀ ਨਾਲੋ੍ਹ ਅੰਡਰਟਰਾਇਲਜ਼ ਕੈਦੀਆਂ ਦੀ ਗਿਣਤੀ ਹਮੇਸ਼ਾਂਹੀ ਜ਼ਿਆਦ ਰਹਹੀ ਹੈ। ਇਹ ਵਾਲਾ ਕਾਨੂੰਨ ਕਦੀ ਅੰਗਰੇਜ਼ਾਂ ਨੇ ਸਥਾਪਿਤ ਕੀਤਾ ਸੀ ਅਤੇ ਅਸਾਂ ਅਪਨਾ ਰਖਿਆ ਹੈ। ਅਰਥਾਤ ਜਿਸ ਵੀ ਆਦਮੀ ਵਿਰੁਧ ਕੋਈ ਫ਼ੌਜਦਾਰੀ ਮੁਕਦਮਾ ਦਰਜ ਹੋ ਜਾਵੇ ਉਸਨੂੰ ਪੁਲਿਸ ਨੇ ਗ੍ਰਿਫਤਾਰ ਕਰਨਾ ਹੁੰਦਾ ਹੈ ਅਤੇ ਜਦ ਤਕ ਮਾਨਯੋਗ ਅਦਾਲਤ ਉਸਦੀ ਅਰਜ਼ੀ ਪਰਵਾਨ ਕਰਕੇ ਉਸਦੀ ਜ਼ਮਾਨਤ ਨਹੀਂ ਕਰਦੀ ਉਹ ਜੇਲ੍ਹ ਵਿੱਰ ਰਹਿੰਦਾਹੈ। ਕੁਝ ਅਪ੍ਰਾਧੀ ਮੁਕਦਮਾ ਦਰਜ ਹੋਣ ਤੇ ਹੀ ਮਾਨਯੋਗ ਅਦਾਲਤ ਪਾਸੋਂ ਅਗੇਤੀ ਜ਼ਮਾਨਤ ਵੀ ਕਰਵਾ ਲੈਂਦੇ ਹਨ। ਅਤੇ ਇਹ ਵੀ ਸਾਫ ਹੈ ਕਿ ਜਿਸ ਵੀ ਆਦਮੀ ਦੀ ਜ਼ਮਾਨਤ ਨਹੀਂ ਹੁੰਦੀ ਉਹ ਉਦੋਂ ਤਕ ਜੇਲ੍ਹ ਵਿੱਚ ਹੀ ਰਹਿੰਦਾ ਹੈ ਜਦ ਤਕ ਉਸਦਾ ਕੇਸ ਚਲਦਾ ਰਹਿੰਦਾ ਹੈ। ਵਡਾ ਦੁਖਾਂਤ ਇਹ ਵੀ ਹੈ ਕਿ ਮਾਨਯੋਗ ਅਦਾਲਤਾ ਵਿੱਚ ਫ਼ੌਜਦਾਰੀ ਕੇਸਾ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਜਾਂ ਗਵਾਹੀਆਂ ਪੇਸ਼ ਕਰਨ ਵਿੱਚ ਚਿਰ ਲਗ ਜਾਂਦਾ ਹੈ ਅਤੇ ਕਈ ਇਸ ਤਰ੍ਹਾਂ ਦੇ ਕੇਦੀ ਕੀਤੇ ਅਪ੍ਰਾਧ ਦੀ ਸਥਾਪਿਤ ਸਜ਼ਾ ਤੋਂ ਵੀ ਜ਼ਿਆਦਾ ਜੇਲ੍ਹ ਵਿੱਚ ਰਹਿਕੇ ਬਰੀ ਵੀ ਹੋ ਜਾਂਦੇ ਹਨ। ਹਾਲਾਂ ਤਕ ਅਸੀਂ ਇੰਨ੍ਹਾਂ ਕੈਦੀਆਂ ਨੂੰ ਹਰਜਾਨਾ ਦੇਣ ਦਾ ਪ੍ਰਬੰਧ ਨਹੀਂਕਰ ਸਕੇ ਹਾਂ। ਸ਼ਿਕਾਇਤ ਕਰਦਾ ਉਤੇ ਬੋਝ ਪਾਇਆ ਜਾਵੇ ਤਾਂ ਵੀ ਝੂਠੀਆਂ ਸ਼ਿਕਾਇਤਾ ਬੰਦ ਹੋ ਸਕਦੀਆਂ ਹਨ।

ਇਸ ਵਿੱਚ ਕੋਈ ਸ਼ਕ ਨਹੀਂ ਹੈ ਕਿ ਸਾਡੀਆਂ ਅਦਾਲਤਾਂ ਵਿੱਚ ਕੇਸ ਦਾ ਟਰਾਇਲ ਕਈ ਕਈ ਸਾਲ ਚਲਦਾ ਰਹਿੰਦਾ ਹੈ ਤਾਂ ਜਾਕੇ ਕੋਈ ਫੈਸਲਾ ਹੁੰਦਾ ਹੈ। ਫਿਰ ਜਿਸ ਕਿਸੇ ਨੂੰ ਸਜ਼ਾ ਹੋਜਾਂਦੀ ਹੈ ਉਹ ਉਚੇਰੀ ਅਦਾਲਤ ਵਿੱਚ ਅਪੀਲ ਕਰਦਾ ਹੈ ਅਤੇ ਇਸ ਤਰ੍ਹਾਂ ਇਹ ਅਪੀਲਮਾਨਯੋਗ ਸੁਪਰੀਮ ਕੋਰਟ ਤਕ ਜਾਂਦੀ ਹੈ। । ਇਹ ਜਿਹੜਾ ਜ਼ਮਾਨਤ ਕਰਾਉਣ ਦਾ ਸਿਲਸਿਲਾ ਹੈ ਇਹ ਬਹੁਤ ਹੀ ਮਹਿੰਗਾ ਪੈਂਦਾ ਹੈ। ਹਰੇਕ

ਕੋਸ਼ਿਸ਼ ਇਹ ਕਰਦਾ ਹੈ ਉਸਦੀ ਅਗੇਤੀ ਜ਼ਮਾਨਟ ਹੋ ਜਾਵੇ ਅਤੇ ਅਰਜ਼ਹੀ ਰਦ ਹੋ ਜਜਣ ਉਤੇ ਮਾਨਯੋਗ ਹਾਈ ਕੋਰਟ ਵਿੱਚ ਵੀ ਜਾਂਦਾ ਹੈ ਅਤੇ ਕਈਆਂ ਨੂੰਮਾਨਯੋਗ ਸੁਪਰੀਮ ਕੋਰਟ ਤਕ ਵੀ ਜਾਣਾ ਪੈਂਦਾ ਹੈ। ਇਹ ਜ਼ਮਾਨਤ ਵਾਲਾ ਸਿਲਸਿਲਾ ਬਹੁਤ ਹੀ ਮਹਿੰਗਾ ਹੈ। ਜ਼ਮਾਨਤੀ ਵੀ ਲਭਣਾ ਪੈਂਦਾ ਹੈ ਅਤੇ ਅਗਰ ਕਿਸੇ ਪਾਸ ਜ਼ਮਾਨਤੀ ਨਹੀਂ ਹੈ ਤਾਂ ਅਦਾਲਤਾ ਵਿੱਚ ਐਸੇ ਜ਼ਮਾਨਤੀ ਮਿਲ ਜਾਂਦੇ ਹਨ ਜਿਹੜੇ ਰਕਮਾਂ ਨਕਦ ਲੈਕੇ ਜ਼ਾਨਤ ਦੇ ਦਿੰਦੇ ਹਨ। ਇਹ ਸਾਰਾ ਪ੍ਰਬੰਧ ਕਰਨਾ ਬਹੁਤ ਹੀ ਮਹਿੰਗਾ ਹੈ ਅਤੇ ਵਡੀ ਗਿਣਤੀ ਵਿੱਚ ਜੇਲ੍ਹਾਂ ਵਿੱਚ ਬੰਦ ਐਸੇ ਲੋਕ ਹਨ।

ਇਹ ਗੱਲ ਵੀ ਸਾਹਮਣੇ ਆਈ ਹੈ ਕਿ ਬਹੁਤ ਸਾਰੇ ਐਸੇ ਅੰਡਰ ਟਰਾਇਲਜ਼ ਵੀ ਹਨ ਜਹੜੇ ਕੀਤੇ ਗਈ ਅਪ੍ਰਾਧ ਦੀ ਮਿਥੀ ਸਜ਼ਾ ਤੋਂ ਵੀ ਜ਼ਿਆਦ ਸਮਾਂ ਜੇਲ੍ਹਾਂ ਵਿੱਚ ਬੰਦ ਪਏ ਹਨ। ਇਹ ਵਾਲਾ ਮਸਲਾ ਵਿਚਾਰਨ ਵਾਲਾ ਹੈ। ਇਥੇ ਇਹ ਵੀ ਕੀਤਾ ਜਾ ਸਕਦਾ ਹੈ ਕਿ ਬਾਕ-ਾਇਦਾ ਅੰਡਰ ਟਰਾਇਲਜ਼ ਦਾ ਰਿਕਾਰਡ ਰਖਿਆ ਜਾਵੇ ਅਤੇ ਮਾਫੀਆਂ ਅਤੇ ਛੁਟੀਆਂ ਕਢਕੇ ਜਿਹੜਾ ਵੀ ਕੈਦੀ ਮਿਥੀ ਸਜ਼ਾ ਵਾਲਾ ਸਮਾਂ ਜੇਲ੍ਹ ਵਿੱਚ ਗੁਜ਼ਕਾਰ ਚੁਕਾ ਹੈ ਉਸਨੂੰ ਡਿਸਚਾਰਜ ਕਬ ਦਿਤਾ ਜਾਵੇ ਅਤੇ ਇਹ ਵਾਲਾ ਹੁਕਮ ਮਾਨਯੋਗ ਅਰਾਇਲ ਕੋਰਟ ਹੀ ਕਰੇ। ਇਹ ਵਾਲਾ ਤਰੀਕਾ ਅਗਰ ਅਪਨਾ ਲਿਆ ਜਾਵੇ ਤਾਂ ਵੀ ਕਾਫੀ ਆਦਮੀ ਰਿਹਾ ਕੀਤੇ ਜਾ ਸਕਦੇ ਹਨ।

ਸਾਡਾ ਸੰਵਿਧਾਨ ਇਹ ਆਖਦਾ ਹੈ ਕਿ ਹਰ ਕੋਈ ਨਿਰਦੋਸ਼ਸ਼ ਜਦ ਤਕ ਉਸ ਵਿਰੁਧ ਮਾਮਲਾ ਸਾਬਤ ਨਹੀਂ ਹੋ ਜਾਂਦਾ। ਇਸ ਲਈ ਹਰ ਕਿਸੇ ਦੀ ਜ਼ਮਾਨਤ ਮਨਜ਼ੂਰ ਕਰ ਦਿਤੀ ਜਾਣੀ ਚਾਹੀਦੀ ਹੈ। ਅਜ ਹਰ ਕਿਸੇ ਪਾਸ ਪਕਾ ਘਰ ਹੈ ਅਤੇ ਆਧਾਰ ਕਾਰਡ ਵੀ ਹੈ। ਜਿਸ ਕਿਸੇ ਆਦਮੀ ਵਿਰੁਧ ਕੇਸ ਬਣ ਗਿਆ ਹੈ ਉਸਦੇ ਆਧਾਰ ਕਾਰਡ ਉਤੇਇਹ ਨੋਟ ਅਗਰ ਆ ਜਾਵੇ ਕਿ ਇਹ ਅਪਰਾਧੀ ਹੈ ਤਾਂ ਵੀ ਲੋੜ ਪੈਣ ਤੇ ਇਹ ਆਦਮੀ ਪਕੜਿਆ ਜਾ ਸਕਦਾ ਹੈ। ਕੋਈ ਤਰੀਕਾ ਲਭਿਆ ਜਾ ਸਦਾ ਹੈ ਅਤੇ ਇਹਜ਼ਮਾਨਤ ਮਨਜ਼ੂਰ ਹੋ ਜਾਣੀ ਚਾਹੀਦੀ ਹੈ। ਇਥੇ ਤਾਂ ਇਹ ਵੀ ਆਖਿਆ ਜਾ ਸਕਦਾ ਹੈ ਕਿ ਇਹ ਜ਼ਮਾਨਤ ਪਹਿਲੇ ਦਿੰਨ ਹੀ ਮਨਜ਼ੂਰ ਕਰ ਦਿਤੀ ਜਾਵੇ। ਕੁਝ ਗੰਭੀਰ ਦੋਸ਼ ਹਨ ਤਾਂ ਹੀ ਆਦਮੀ ਨੂੰ ਕੁਝ ਦਿੰਨਾ ਲਈਜੇਲੱ ਭੇਜਿਆ ਜਾ ਸਕਦਾ ਹੈ। ਇਹ ਗਲਾਂ ਵਿਚਾਰਨ ਯੋਗ ਹਨ।

ਜਿਹੜਾ ਆਦਮੀ ਜੇਲ੍ਹ ਵਿਚ ਬੰਦ ਹੋ ਜਾਂਦਾ ਹੈ ਉਸਦਾ ਹਾਲ ਕੀ ਬਣਦਾ ਹੈ ਇਹ ਤਾਂ ਬਹੁਤ ਹੀ ਭਿਆਨਕ ਹੈ। ਇਹ ਆਦਮੀ ਆਪਣੇ ਰਿਸ਼ਤੇਦਾਰਾਂ ਵਿੱਚ ਵਾਕਿਫ ਕਾਰਾਂ ਵਿੱਚ ਬਦਨਾਮ ਹੋ ਜਾਂਦਾ ਹੈ ਅਤੇ ਕੋਈ ਵੀ ਇਹ ਨਹੀਂ ਆਖਦਾ ਕਿ ਇਸ ਨੇ ਅਪ੍ਰਾਧ ਨਹੀਂ ਕੀਤਾ ਹੈ। ਇਸਦੇ ਪਰਵਾਰ ਦਾ ਹਾਲ ਕੀ ਹੁੰਦਾ ਹੈ, ਇਹ ਦਸਿਆ ਨਹੀਂ ਜਾ ਸਕਦਾ। ਇਹ ਬਚਿਆ ਲਈ ਇਹੀ ਮੁਸ਼ਕਲ ਹੋ ਜਾਂਦਾ ਹੈ ਕਿ ਉਹ ਹਰ ਕਿਸੇ ਦੇ ਸਵਾਲਾਂ ਦਾ ਜਵਾਬ ਕੀ ਦੇਣ। ਘਰ ਵਾਲੀ ਲਈ ਇਹ ਮੁਸ਼ਕਿਲ ਹੋ ਜਾਂਦਾ ਹੈ ਕਿ ਜਿਹੜਾ ਵੀ ਕੰਮ ਕਾਜ ਉਸਦਾ ਆਦਮੀ ਕਰਦਕਾ ਸੀ ਉਹ ਬੰਦ ਹੋ ਜਾਂਦਾ ਹੈ ਅਤੇ ਘਰ ਕਮਾਈ ਨਹੀਂ ਆਉਂਦੀ ਅਤੇ ਗੁਜ਼ਾਰਾ ਕਿਵੇਂ ਕਰਨਾ ਹੈ। ਜਿੰਨ੍ਹਾਂ ਲੋਕਾਂ ਪਾਸੈਂ ਕਰਜ਼ਾ ਲਿਤਾ ਗਿਆ ਹੋਵੇ ਉਹ ਵੀ ਬੂਹਾ ਖੜਕਾਉਣ ਲਗ ਜਾਂਦੇ ਹਨ ਅਤੇ ਪਰਵਾਰ ਦੀਆਂ ਇਹ ਮੁਸ਼ਕਿਲਾਂ ਅਜ ਤਕ ਕਿਸੇ ਨੇ ਵਿਾਰੀਆਂ ਨਹੀਂ ਹਨ। ਇਸ ਪਾਸੇ ਵੀ ਧਿਆਨ ਦੇਣਾ ਬਣਦਾ ਹੈ ਕਿ ਇਹ ਪਰਵਾਰ ਦੇ ਆਦਮੀਆਂ ਦਾ ਕੋਈ ਵੀ ਕਸੂਰ ਨਹੀਂ ਹੁੰਦਾ ਪਰ ਇਹ ਬਹੁਤ ਹੀ ਮੁਸ਼ਕਿਲਾਂ ਵਿੱਚ ਪੈ ਜਾਂਦੇ ਹਨ। ਅਗਰ ਸਰਕਾਰ ਐਸੇ ਪਰਵਾਰਾਂ ਦਾ ਖਰਚਾ; ਆਪ ਦੇਵੇ ਤਾ ਉਨ੍ਹਾਂ ਦਾ ਆਦਮੀ ਜੇਲ੍ਹ ਭੇਜਿਆ ਜਾਵੇ। ਇਹ ਮਾਸੂਮਾਂ ਦਾ ਵਕਤ ਕੈਸਾ ਲੰਘਦਾ ਹੈ, ਇਹ ਬਿਆਨ ਨਹੀਂ ਕਹੀਤਾ ਜਾ ਸਕਦਾ।

ਛੋਟੇ ਜੁਰਮਾਂ ਵਾਲੇ ਅਪ੍ਰਾਧੀਆਂ ਨੂੰ ਪਰਸਨਲ ਬਾਂਡ ਉਤੇ ਵੀ ਜ਼ਮਾਨਤ ਕਰ ਦਿਤੀ ਜਾਵੇ ਅਤੇ ਅਗਰ ਉਹ ਗੈਰਹਾਜ਼ਰ ਰਹਿੰਦਾ ਹੈ ਜਾਂ ਭਗੋੜਾ ਹੀ ਹੋ ਜਾਂਦਾ ਹੈ ਤਾਂ ਜਦ ਵੀ ਪਕੜਿਆ ਜਾਵੇ ਇਹ ਛੇ ਮਹੀਨੇ ਕੈਦੀਆਂ ਦੀ ਤਰ੍ਹਾਂ ਜੇਲ ਵਿੱਚ ਰਖਿਆ ਜਾਵੇ ਅਤੇ ਅਗਰ ਕੇਸ ਵਿੱਚ ਸਜ਼ਾ ਹੋ ਜਾਂਦੀ ਹੈ ਤਾਂ ਇਹ ਵਖਰੀ ਕਟਣੀ ਪਵੇ। ਐਸਾ ਕੁਝ ਕੀਤਾ ਜਾ ਸਕਦਾ ਹੈ ਜਿਥੇ ਇਹ ਅਪ੍ਰਾਧੀ ਭਜਣ ਨਾ ਬਲਕਿ ਬਾਕਾਇਦਾ ਇਹ ਅਦਾਲਤਾ ਵਿੱਚ ਹਾਜ਼ਰ ਹੋਕੇ ਹੁਕਮਾਂ ਦੀ ਉਡੀਕ ਕਰਨ।

ਕੁਝ ਐਸੇ ਉਪਾਉ ਕਰਕੇ ਅਸੀਂ ਐਸਾ ਸਿਲਸਿਲਾ ਤਿਆਰ ਕਰ ਸਕਦੇ ਹਾਂ ਕਿ ਕਿਸੇ ਵੀ ਅਪ੍ਰਾਧੀ ਨੂੰ ਜੇਲ੍ਹ ਜਾਣਾ ਹੀ ਨਾ ਪਵੇ। ਟਰਾਇਲ ਬਾਅਦ ਹੀ ਅਗਰ ਸਜ਼ਾ ਹੋ ਜਾਂਦੀ ਹੈ ਤਾਂ ਵੀ ਉਥੇ ਹੀ ਜ਼ਮਾਨਤ ਹੋ ਜਾਵੇ ਅਤੇ ਜਦ ਤਕ ਅਪਲਲਅ ਦਾ ਫੈਸਾਲ ਨਹੀਂ ਹੁੰਦਾ ਉਹ ਜੇਲ੍ਹ ਨਾ ਭੇਜਿਆ ਜਾਵੇ। ਅਸੀਂ ਆਜ਼ਾਦ ਅਤੇ ਪਰਜਾਤੰਤਰ ਦੇਸ਼ ਹਾਂ ਅਤੇ ਆਪਣੇ ਨਾਗਰਿਕਾ ਨੂੰ ਐਂਵੇਂ ਹੀ ਜੇਲ੍ਹਾਂ ਵਿੱਚ ਬੰਦ ਕਰਨ ਦਾ ਕੋਈ ਅਧਿਕਾਰ ਨਹੀਂ ਰਖਦੇ। ਹਰ ਕੋਣਹੀ ਮੁਲਕ ਦਾ ਮਾਲਕ ਵੀ ਹੈ ਅਤੇ ਹਰਕਿਸ। ਦਾ ਪਰਵਾਰ ਵੀ ਹੈ।ਕਿਸੇ ਦਾ ਸਮ,ਾਜ ਵੀ ਹੈ। ਹਰ ਕਿਸੇ ਦੀਆਂ ਰਿਸ਼ਤੇਦਾਰੀਆਂ ਵੀ ਹਨ ਅਤੇ ਜੇਲ੍ਹ ਵਿੱਚ ਜਾਣ ਨਾਲ ਅਪ੍ਰਾਧੀ ਤਾਂ ਨੁਕਸਨ ਉਠਾਉਂਦਾ ਹੀ ਹੈ ਉਸਦਾ ਪਰਵਾਰ ਬਹੁਤ ਹੀ ਨੁਕਸਾਨ ਉਠਾਉਂਦਾ ਹੈ।

ਸਰਕਾਰ ਇਕ ਮਾਹਿਰਾਂ ਦੀ ਕਮੈਟੀ ਬਣਾ ਸਕਦੀ ਹੈ ਜਿਹੜੇ ਦਸੇ ਗਏ ਨੁਕਤਿਆਂ ਉਤੇ ਵਿਚਾਰ ਕਰੇ ਅਤੇ ਕੁਝ ਐਸਾ ਬਣਾ ਦੇਵੇ ਕਿ ਕਿਸੇ ਨੂੰ ਵੀ ਇਹ ਸ਼ਿਕਾਇਤ ਕਰਨ ਦਾ ਮੋਕਾ ਨਾ ਮਿਲੇ ਕਿ ਉਸਨੂੰ ਐਂ ਹੀ ਬੰਦ ਕੀਤਾ ਗਿਆ ਸੀ।

*-ਦਲੀਪ ਸਿੰਘ ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ, ਪਟਿਆਲਾ*
*ਫੋਨ 0175 5191856*

## ਬਿਊਟੀ ਟਿਪਸ: ਬੇਦਾਗ ਸਕਿਨ ਲਈ ਬੈਸਟ ਹਨ ਇਹ ਘਰੇਲੂ ਫੇਸ ਮਾਸਕ



ਘਰੇਲੂ ਚੀਜ਼ਾਂ ਨਾਲ ਬਣਾਏ ਫੇਸ ਮਾਸਕ ਤੁਹਾਡੇ ਚਿਹਰੇ ਲਈ ਬਹੁਤ ਹੀ ਫਾਇਦੇਮੰਦ ਸਾਬਿਤ ਹੁੰਦਾ ਹੈ ਤੇ ਇਸ ਨਾਲ ਚਿਹਰੇ ਦੀ ਖੂਬਸੂਰਤੀ ਵਧਦੀ ਹੈ, ਕਿਉਂਕਿ ਇਹ ਫੇਸ ਮਾਸਕ ਕੁਦਰਤੀ ਚੀਜ਼ਾਂ ਤੋਂ ਬਣੇ ਹੁੰਦੇ ਹਨ। ਜਿਵੇਂ ਸ਼ਹਿਦ, ਖੀਰਾ, ਕੇਲਾ, ਪਪੀਤਾ ਆਦਿ। ਆਓ ਜਾਣਦੇ ਹਾਂ ਤੁਸੀਂ ਇਨ੍ਹਾਂ ਕੁਦਰਤੀ ਚੀਜ਼ਾਂ ਨਾਲ ਫੇਸ ਮਾਸਕ ਕਿਵੇਂ ਬਣ ਸਕਦੇ ਹੋ

ਸ਼ਹਿਦ, ਕੇਲੇ, ਪਪੀਤੇ ਦਾ ਫੇਸ ਮਾਸਕ: ਅੱਧੇ ਪੱਕੇ ਕੇਲੇ ਮਸਲ ਲਓ ਅਤੇ ਇਸ ਵਿੱਚ ਦੁੱਧ, ਇੱਕ ਵੱਡਾ ਚਮਚ ਚੰਦਨ ਪਾਊਡਰ ਅਤੇ ਅੱਧਾ ਵੱਡਾ ਚਮਚ ਸ਼ਹਿਦ ਮਿਲਾ ਲਓ। ਇਸ ਮਾਸਕ ਨੂੰ 20-25 ਮਿੰਟ ਤੱਕ ਚਿਹਰੇ ਉੱਤੇ ਲੱਗਾ ਰਹਿਣ ਦੇ ਬਾਅਦ ਹਲਕੇ ਕੋਸੇ ਪਾਣੀ ਨਾਲ ਧੋ ਲਓ। ਇਹ ਮਾਸਕ ਆਇਲੀ ਸਕਿਨ ਲਈ ਬੇਹੱਦ ਲਾਭਦਾਇਕ ਹੈ।


ਦਾਲ ਮਾਸਕ: ਆਇਲੀ ਸਕਿਨ ਲਈ ਵੱਡਾ ਚਮਚ ਮੂੰਗੀ ਦੀ ਦਾਲ ਕੁਝ ਘੰਟੇ ਪਾਣੀ ਵਿੱਚ ਭਿਉਂ ਦਿਓ। ਇਸ ਦੇ ਬਾਅਦ ਇਸ ਨੂੰ ਪੀਸ ਲਓ ਤੇ ਇਸ ਵਿੱਚ ਇੱਕ ਵੱਡਾ ਚਮਚ ਟਮਾਟਰ ਦਾ ਗੁੱਦਾ ਮਿਲਾ ਲਓ। ਹਲਕੇ ਹੱਥਾਂ ਨਾਲ ਮਸਾਜ ਕਰਦੇ ਹੋਏ ਇਸ ਨੂੰ ਚਿਹਰੇ ਉੱਤੇ ਲਾਓ। ਵੀਹ ਮਿੰਟ ਬਾਅਦ ਇਸ ਨੂੰ ਪਾਣੀ ਨਾਲ ਧੋ ਲਓ। ਇਸ ਨਾਲ ਸਕਿਨ ਵਿੱਚ ਚਮਕ ਆਉਂਦੀ ਹੈ।

ਸ਼ਹਿਦ ਅਤੇ ਦਹੀਂ ਦਾ ਮਾਸਕ: ਸ਼ਹਿਦ ਅਤੇ ਦਹੀਂ ਵਿੱਚ ਜ਼ਰਾ ਜਿੰਨੀ ਰੈੱਡ ਵਾਈਨ ਮਿਲਾ ਲਓ। ਇਸ ਨੂੰ ਚਿਹਰੇ ਉੱਤੇ ਵੀਹ ਮਿੰਟ ਤੱਕ ਲਾਈ ਰੱਖਣ ਪਿੱਛੋਂ ਸਾਦੇ ਪਾਣੀ ਨਾਲ ਧੋ ਲਓ। ਇਹ ਟੈਨਿੰਗ ਦੂਰ ਕਰ ਕੇ ਚਮੜੀ ਵਿੱਚ ਚਮਕ ਲਿਆਉਂਦਾ ਹੈ ਅਤੇ ਚਮੜੀ ਨੂੰ ਮੁਲਾਇਮ ਬਣਾਉਂਦਾ ਹੈ।

ਖੀਰਾ ਅਤੇ ਪਪੀਤੇ ਦਾ ਮਾਸਕ: ਖੀਰਾ ਅਤੇ ਪੱਕੇ ਪਪੀਤੇ ਦਾ ਗੁੱਦਾ ਦਹੀਂ ਵਿੱਚ ਮਿਕਸ ਕਰ ਲਓ ਅਤੇ ਉਸ ਵਿੱਚ ਦੋ ਛੋਟੇ ਜੌਂ ਅਤੇ ਕੁਝ ਬੂੰਦਾਂ ਨਿੰਬੂ ਦੇ ਰਸ ਦੀਆਂ ਮਿਲਾ ਲਓ। ਇਸ ਨੂੰ ਚਿਹਰੇ ਅਤੇ ਗਰਦਨ ਉੱਤੇ ਲਾਓ। ਅੱਧੇ ਘੰਟੇ ਬਾਅਦ ਇਸ ਨੂੰ ਪਾਣੀ ਨਾਲ ਧੋ ਲਓ। ਇਸ ਨਾਲ ਤੁਹਾਡੇ ਚਿਹਰੇ ਵਿੱਚ ਨਿਖਾਰ ਆਏਗਾ।

# ਆਬਾਦੀ ਪੱਖੋਂ ਮੋਹਰੀ ਬਣ ਰਹੇ ਭਾਰਤ ਦੀ ਹਕੂਮਤ ਸੁਫਨੇ ਪੇਸ਼ ਕਰਨੇ ਛੱਡ ਕੇ ਹਕੀਕਤਾਂ ਨੂੰ ਪਛਾਣੇ





ਜਤਿੰਦਰ ਪੰਨੂ

ਜੁਲਾਈ ਦਾ ਦੂਸਰਾ ਹਫਤਾ ਸੀ, ਜਦੋਂ ਇਹ ਖਬਰ ਮਿਲੀ ਕਿ ਤਾਜ਼ਾ ਅੰਕੜਿਆਂ ਮੁਤਾਬਕ ਅਗਲੇ ਸਾਲ ਭਾਰਤ ਦੀ ਆਬਾਦੀ ਅਜੇ ਤੱਕ ਸਾਰਿਆਂ ਤੋਂ ਅੱਗੇ ਗਿਣੇ ਜਾਂਦੇ ਚੀਨ ਤੋਂ ਵਧ ਜਾਵੇਗੀ ਤੇ ਫਿਰ ਆਬਾਦੀ ਪੱਖੋਂ ਭਾਰਤ 'ਨੰਬਰ ਵੰਨ' ਦੇਸ਼ ਗਿਣਿਆ ਜਾਣ ਲੱਗੇਗਾ। ਹੋਰ ਕਿਸੇ ਗੱਲ ਵਿੱਚ ਨਹੀਂ ਤਾਂ ਆਬਾਦੀ ਪੱਖੋਂ ਸਹੀ, ਕਈ ਸੱਜਣਾਂ ਨੂੰ ਇਹ ਵੀ ਭਾਰਤ ਦੀ ਇੱਕ 'ਪ੍ਰਾਪਤੀ' ਜਾਪਣ ਲੱਗ ਪਈ, ਪਰ ਕਈ ਹੋਰਨਾਂ ਨੂੰ ਇਸ ਨਾਲ ਜੁੜੇ ਕਈ ਗੰਭੀਰ ਪੱਖਾਂ ਨੇ ਚਿੰਤਾ ਲਾਈ ਹੈ। ਉਹ ਲੋਕ ਇਹ ਸੋਚ ਰਹੇ ਹਨ ਕਿ ਜਦੋਂਭਾਰਤ ਤੋਂ ਅਜੋਕੀ ਆਬਾਦੀ ਦੀਆਂ ਲੋੜਾਂ ਵੀ ਪੂਰੀਆਂ ਕਰਨੀਆਂ ਮੁਸ਼ਕਲ ਹੋ ਰਹੀਆਂ ਹਨ ਤਾਂ ਚੀਨ ਤੋਂ ਆਬਾਦੀ ਵਧਣ ਨਾਲ ਭਾਰਤੀ ਲੋਕਾਂ ਦਾ ਜੀਵਨ ਭਵਿੱਖ ਵਿੱਚ ਸੁਖਾਲਾ ਕਰਨ ਦੇ ਸੁਫਨਿਆਂ ਤੇ ਸਕੀਮਾਂ ਮੂਹਰੇ ਨਵੇਂ ਸਪੀਡ-ਬਰੇਕਰ ਵਧ ਜਾਣਗੇ। ਅਸੀਂ ਵੀ ਇਸ ਬਾਰੇ ਸੋਚਿਆ ਅਤੇ ਇਸ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਅਤੇ ਆਬਾਦੀ ਨਾਲ ਜੁੜੇ ਇਤਹਾਸਕ ਪੱਖਾਂ ਉੱਤੇ ਨਜ਼ਰ ਮਾਰਨ ਦਾ ਯਤਨ ਕੀਤਾ ਹੈ।

ਪਹਿਲੀ ਗੱਲ ਇਹ ਕਿ ਅਸੀਂ ਬਚਪਨ ਵਿੱਚ ਇਹ ਕਹਾਣੀਆਂ ਸੁਣਦੇ ਹੁੰਦੇ ਸਾਂ ਕਿ ਅੰਗਰੇਜ਼ਾਂ ਵੇਲੇ ਜਿਸ ਦੇ ਬਾਰਾਂ ਪੁੱਤਰ ਹੋਣ, ਉਸ ਨੂੰ ਇੱਕ ਮੁਰੱਬਾ (ਪੰਝੀ ਏਕੜ) ਜ਼ਮੀਨ ਸਰਕਾਰ ਦੇਂਦੀ ਹੁੰਦੀ ਸੀ, ਪਰ ਆਜ਼ਾਦੀ ਪਿੱਛੋਂ 'ਨਿਕੰਮੀ' ਸਰਕਾਰ ਆਬਾਦੀ ਰੋਕਣ ਤੁਰੀ ਹੋਈ ਹੈ। ਅੱਜ ਉਹ ਜ਼ਮਾਨਾ ਨਹੀਂ ਰਿਹਾ, ਸਗੋਂ ਇਸ ਦੀ ਥਾਂ ਲੋਕ ਆਮ ਤੌਰ ਉੱਤੇ ਇਹ ਸਮਝਣ ਲੱਗੇ ਹਨ ਕਿ ਆਬਾਦੀ ਵਧੀ ਤਾਂ ਮੁਸ਼ਕਲਾਂ ਵਧਣਗੀਆਂ, ਪਰ ਸਾਰੇ ਲੋਕ ਇੰਜ ਨਹੀਂ ਸੋਚਦੇ। ਕਈ ਧਾਰਮਿਕ ਪੁਰਸ਼ ਅੱਜ ਵੀ ਆਪੋ-ਆਪਣੇ ਧਰਮ ਦੇ ਲੋਕਾਂ ਨੂੰ ਸੱਦੇ ਦੇਣ ਲੱਗੇ ਹੋਏ ਹਨ ਕਿ ਬੱਚੇ ਵੱਧ ਤੋਂ ਵੱਧ ਪੈਦਾ ਕਰਿਆ ਕਰੋ, ਤਾਂ ਕਿ ਅਸੀਂ ਆਪਣੇ ਧਰਮ ਦੀ ਤਰੱਕੀ ਵਿੱਚ ਪਛੜ ਨਾ ਜਾਂਦੇ ਹੋਈਏ। ਇਨ੍ਹਾਂ ਵਿੱਚ ਭਾਰਤ ਦੇ ਮੁੱਖ ਤਿੰਨੇ ਧਰਮਾਂ ਵਾਲੇ ਆਗੂ ਸ਼ਾਮਲ ਹਨ ਅਤੇ ਕਈ ਇਹੋ ਜਿਹੇ ਸਾਧੂ-ਸੰਤ ਵੀ ਇਸ ਤਰ੍ਹਾਂ ਦੇ ਸੱਦੇ ਦੇਈ ਜਾਂਦੇ ਹਨ, ਜਿਨ੍ਹਾਂ ਨੇ ਆਪ ਵਿਆਹ ਨਹੀਂ ਕਰਵਾਏ ਤੇਬ੍ਰਹਮਚਾਰੀ ਹੋਣ ਦੇ ਝੰਡੇ ਹੇਠ ਸੁੱਚੇ ਮੂੰਹ ਦੁਨੀਆ ਤੋਂ ਤੁਰ ਜਾਣ ਦਾ ਇਰਾਦਾ ਹੈ। ਆਬਾਦੀ ਦੇ ਨਾਲ ਜੁੜੇ ਆਰਥਿਕ ਮੁੱਦਿਆਂ ਬਾਰੇ ਨਾ ਉਨ੍ਹਾਂ ਨੂੰ ਸੋਚਣ ਦੀ ਲੋੜ ਹੈ, ਨਾ ਉਨ੍ਹਾਂ ਨੂੰ ਏਨੀ ਅਕਲ ਹੈ ਤੇ ਨਾ ਇਸ ਸੋਚਣੀ ਨਾਲ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਫਰਕ ਪੈਂਦਾ ਹੈ, ਪਰ ਸਾਨੂੰ ਸੰਸਾਰੀ ਜੀਵਨ ਵਾਲੇ ਲੋਕਾਂ ਨੂੰ ਪੈਂਦਾ ਹੈ।

ਆਬਾਦੀ ਵਧ ਰਹੀ ਹੈ ਤੇ ਇਕੱਲੇ ਭਾਰਤ ਦੀ ਨਹੀਂ ਵਧਦੀ, ਸਾਰੇ ਸੰਸਾਰ ਦੀ ਵਧ ਰਹੀ ਹੈ। ਸੰਸਾਰ ਦੀ ਆਬਾਦੀ ਇੱਕ ਸੌ ਕਰੋੜ ਦੇ ਅੰਕੜੇ ਨੂੰ 1804 ਵਿੱਚ ਟੱਪੀ ਸੀ ਤੇ 1930 ਵਿੱਚ ਦੂਸਰਾ ਸੌ ਕਰੋੜ ਹੋਣ ਨੂੰ ਕਰੀਬ ਇੱਕ ਸੌ ਛੱਬੀ ਸਾਲ ਲੱਗ ਗਏ ਸਨ। ਤੀਸਰਾ ਸੌ ਕਰੋੜ ਮਸਾਂ ਤੀਹ ਸਾਲਾਂ ਵਿੱਚ 1960 ਵਿੱਚ ਪੂਰਾ ਹੋ ਗਿਆ ਸੀ ਅਤੇ ਚੌਥਾ ਸੌ ਚੌਦਾਂ ਸਾਲਾਂ ਵਿੱਚ ਸਾਲ 1974 ਵਿੱਚ ਪਾਰ ਕਰ ਲਿਆ ਸੀ। ਪੰਜਵਾਂ ਸੌ ਕਰੋੜ ਹੋਣ ਨੂੰ 1987 ਤੱਕ ਤੇਰਾਂ ਸਾਲ ਲੱਗੇ ਸਨ ਤੇ ਆਬਾਦੀ ਵਧਣ ਤੋਂ ਰੋਕਣ ਲਈ ਸੰਸਾਰ ਵਿੱਚ ਹੋਏ ਪ੍ਰਚਾਰ ਕਾਰਨ ਛੇਵਾਂ ਸੌ ਕਰੋੜ 1999 ਤੱਕ ਟੱਪਣ ਤੱਕ ਬਾਰਾਂ ਸਾਲ ਲੱਗੇ ਸਨ। ਏਥੋਂ ਆਣ ਕੇ ਵਾਧੇ ਦੀ ਸਪੀਡ ਕੁਝ ਰੁਕੀ ਸੀ ਤੇ ਸੱਤਵੇਂ ਸੌ ਕਰੋੜ ਦੀ ਖਬਰ ਵੀ ਬਾਰਾਂ ਸਾਲ ਲਾ ਕੇ 2011 ਵਿੱਚ ਆਈ ਸੀ ਤੇ ਉਸ ਪਿੱਛੋਂ ਅੱਠਵਾਂ ਸੌ ਕਰੋੜ ਵੀ ਬਾਰਾਂ ਸਾਲਾਂ ਬਾਅਦ 2023 ਵਿੱਚ ਹੋਣਾਮੰਨਿਆ ਜਾਂਦਾ ਹੈ। ਭਾਰਤ ਦੀ ਆਬਾਦੀ 1960 ਵਿੱਚ ਪੰਜਤਾਲੀ ਕਰੋੜ ਸੀ, 1970 ਤੱਕ ਦਸ ਕਰੋੜ ਵਧੀ ਅਤੇਪਚਵੰਜਾ ਕਰੋੜ ਤੱਕ ਪਹੁੰਚੀ, ਪਰ ਅਗਲੇ ਦਸ ਸਾਲਾਂ ਮਗਰੋਂ 1980 ਵਿੱਚ ਇਹ ਪੰਦਰਾਂ ਕਰੋੜ ਵਧ ਕੇ ਸੱਤਰ ਕਰੋੜ ਦੇ ਅੰਕੜੇ ਨੂੰ ਪਹੁੰਚ ਗਈ ਸੀ। ਫਿਰ 1990 ਤੱਕ ਦੇ ਦਸ ਸਾਲਾਂ ਵਿੱਚ ਸਤਾਰਾਂ ਕਰੋੜ ਵਧ ਕੇ ਸਤਾਸੀ ਕਰੋੜ ਹੋਈ ਅਤੇ 2000 ਤੱਕ ਇਸ ਨੂੰ ਰੋਕਣ ਦੇ ਪ੍ਰਚਾਰ ਦੇ ਬਾਵਜੂਦ ਉੱਨੀ ਕਰੋੜ ਹੋਰ ਵਧ ਕੇ ਸੌ ਕਰੋੜ ਦਾ ਅੰਕੜਾ ਟੱਪਣ ਨਾਲਇੱਕ ਸੌ ਛੇ ਨੇੜੇ ਜਾ ਪੁੱਜੀ ਸੀ। ਏਥੇ ਆ ਕੇ ਸਪੀਡ ਕੁਝ ਘਟੀ ਤੇ ਅਠਾਰਾਂ ਕਰੋੜ ਦੇ ਵਾਧੇ ਨਾਲ 2010 ਵਿੱਚ ਇੱਕ ਸੌ ਤੇਈ ਕਰੋੜ ਤੱਕ ਗਈ, ਜਿਸ ਪਿੱਛੋਂ 2020 ਵਿੱਚ ਬਾਰਾਂ ਕਰੋੜ ਦੇ ਕਰੀਬ ਵਾਧੇ ਨਾਲ ਇਹ ਇੱਕ ਸੌ ਪੈਂਤੀ ਕਰੋੜ ਹੋ ਗਈ। ਇਸ ਵਕਤ ਭਾਰਤ ਦੇਸ਼ ਆਪਣੇ ਲੋਕਾਂ ਦੀ ਗਿਣਤੀ ਅਗਲੇ ਸਾਲ ਇੱਕ ਸੌ ਚਾਲੀ ਕਰੋੜ ਤੋਂ ਵਧਾ ਕੇ ਚੀਨ ਨੂੰ ਪਛਾੜਨ ਵਾਲਾ ਸੁਣੀਂਦਾ ਹੈ।

ਇਹ ਸਿਰਫ ਇੱਕ ਪੱਖ ਹੈ, ਦੂਸਰਾ ਪੱਖ ਇਹ ਹੈ ਕਿ ਚੀਨ ਨੂੰ ਭਾਰਤ ਆਬਾਦੀ ਦੇ ਪੱਖ ਤੋਂ ਬਹੁਤ ਪਹਿਲਾਂ ਪਿੱਛੇ ਛੱਡ ਆਇਆ ਜਾਪਦਾ ਹੈ। ਆਬਾਦੀ ਨੂੰ ਸਿਰਫ ਕੁੱਲ ਗਿਣਤੀ ਦੇ ਪੱਖੋਂ ਨਹੀਂ ਵੇਖਿਆ ਜਾਂਦਾ, ਖੇਤਰਫਲ ਵਾਲਾ ਪੱਖ ਵੀ ਵੇਖਣਾ ਪੈਂਦਾ ਹੈ ਤੇ ਇਹ ਪੱਖ ਵੇਖੀਏ ਤਾਂ ਲੰਬੇ ਚੌੜੇ ਦੇਸ਼ ਵਾਲੇ ਚੀਨ ਦੀ ਆਬਾਦੀ ਹਰ ਵਰਗ ਕਿਲੋਮੀਟਰ ਪਿੱਛੇ 153 ਜੀਅ ਬਣਦੀ ਹੈ, ਜਦ ਕਿ ਭਾਰਤ ਦੀ 460 ਜੀਅ ਪ੍ਰਤੀ ਵਰਗ ਕਿਲੋਮੀਟਰ ਤੋਂ ਵੱਧ ਹੈ। ਚੀਨ ਦੀ ਜਣੇਪਾ ਦਰ ਪਿਛਲੇ ਤੀਹ ਸਾਲਾਂ ਵਿੱਚ ਕਦੇ ਦੋ ਫੀਸਦੀ ਤੋਂ ਨਹੀਂ ਵਧੀ ਤੇ ਭਾਰਤ ਦੀ ਤੀਹ ਸਾਲ ਪਹਿਲੇ ਸਵਾ ਚਾਰ ਫੀਸਦੀ ਤੋਂ ਘਟਦੀ ਹਾਲੇ ਤੱਕ ਮਸਾਂ ਸਵਾ ਦੋ ਫੀਸਦੀ ਤੱਕ ਡਿੱਗੀ ਹੈ, ਜਿਸ ਕਾਰਨ ਤੇਜ਼ੀ ਨਾਲ ਵਧ ਰਹੀ ਹੈ। ਅਗਲੇ ਸਾਲ ਭਾਰਤ ਸੰਸਾਰ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੋਣ ਵਾਲੀ 'ਪ੍ਰਾਪਤੀ' ਕਰ ਲਵੇਗਾ, ਪਰਪਹਿਲੀਆਂ ਸਮੱਸਿਆਵਾਂ ਨਾਲ ਉਲਝਿਆ ਪਿਆ ਦੇਸ਼ ਇਸ ਨਾਲ ਹੋਰ ਉਲਝ ਜਾਵੇਗਾ। ਜਿਹੜੀ ਭਾਰਤ ਮਾਤਾ ਪਹਿਲੀਆਂ ਮੁਸ਼ਕਲਾਂ ਦੇ ਬੋਝ ਹੇਠ ਕੁੱਬੇ ਲੱਕ ਹੋਈ ਪਈ ਹੈ, ਉਸ ਦੇ ਗੋਡੇ ਸਭ ਤੋਂ ਵੱਧ ਆਬਾਦੀ ਵਾਲੀ'ਪ੍ਰਾਪਤੀ' ਦੇ ਬੋਝ ਹੇਠ ਠੋਡੀ ਨਾਲ ਜਾ ਲੱਗਣਗੇਅਤੇ ਭੁੱਖਾਂ ਮਾਰੀ ਇਸ ਦੇਸ਼ ਦੀ ਜਨਤਾ ਨੂੰ ਦੇਸ਼ ਦੇ ਹੁਕਮਰਾਨ 'ਪੰਜ ਟ੍ਰਿਲੀਅਨ ਵਾਲੀ ਆਰਥਿਕਤਾ' ਦੇ ਗੋਲ਼ ਵੱਲ ਦੌੜਦੇ ਰਹਿਣ ਲਈ ਥਾਪੜੇ ਦੇਈ ਜਾਣਗੇ। ਧਰਮ ਦਾ ਜਿਹੜਾ ਨਾਅਰਾ ਅੱਜ ਤੱਕ ਭਗਵਾਨ ਸ਼ਿਵ ਲਈ ਵਰਤਿਆ ਜਾਂਦਾ ਸੀ, ਦੇਸ਼ ਦੇ ਅਜੋਕੇ ਲੀਡਰ ਲਈ ਇਹੋ ਨਾਅਰਾ ਲਾਉਂਦੇ ਲੋਕਾਂ ਦੀ ਭੀੜ ਨੂੰ ਅਸੀਂ ਮਾਰੂਥਲ ਵਿੱਚ ਭਟਕਦੇ ਹਿਰਨਾਂ ਵਾਂਗ ਦੌੜਦੇ ਵੇਖਾਂਗੇ।

ਸਾਨੂੰ ਹੈਰਾਨੀ ਹੁੰਦੀ ਹੈ ਕਿ ਇਹੋ ਜਿਹੇ ਮੌਕੇ ਇਸ ਦੇਸ਼ ਦੇ ਨੀਤੀਵਾਨ ਸਾਡੇ ਲੋਕਾਂ ਨੂੰ ਭਾਰਤੀ ਹਾਲਾਤ ਦੀ ਤੁਲਨਾ ਗਵਾਂਢ ਦੇ ਉਨ੍ਹਾਂ ਦੇਸ਼ਾਂ ਦੇ ਲੋਕਾਂ ਨਾਲਕਰਨਾ ਸਿਖਾਰਹੇ ਹਨ, ਜਿਨ੍ਹਾਂ ਦੇ ਪੈਰ ਕਦੀ ਜ਼ਮੀਨ ਉੱਤੇ ਟਿਕਦੇ ਹੀ ਨਹੀਂ ਸਨ ਵੇਖੇ ਗਏ। ਉਸਪਾਕਿਸਤਾਨ ਨਾਲ ਭਾਰਤ ਦੀ ਤੁਲਨਾ ਕੀਤੀ ਜਾਦੀ ਹੈ, ਜਿਹੜਾ ਆਜ਼ਾਦੀ ਪਿੱਛੋਂ ਦੀ ਪੌਣੀ ਸਦੀ ਤੋਂ ਵੱਧ ਅਮਰੀਕਨਾਂ ਅਤੇ ਉਨ੍ਹਾਂ ਦੇ ਸਾਥੀ ਦੇਸ਼ਾਂ ਦੇ ਦਿੱਤੇ ਪੈਸਿਆਂ ਨਾਲ ਬੁੱਤਾ ਸਾਰਦਾ ਰਿਹਾ ਤੇ ਅਮਰੀਕਨਾਂ ਨਾਲ ਯਾਰੀ ਟੁੱਟਣ ਪਿੱਛੋਂ ਓਥੋਂ ਦਾ ਹਰ ਹਾਕਮ ਠੂਠਾ ਚੁੱਕ ਕੇ ਚੀਨ ਅਤੇ ਖਾੜੀ ਦੇਸ਼ਾਂ ਨੂੰ ਦੌੜਦਾ ਰਹਿੰਦਾ ਹੈ। ਭਾਰਤ ਦੇ ਹਾਕਮਾਂ ਅਤੇ ਉਨ੍ਹਾਂ ਦੇ ਢੰਡੋਰਚੀਆਂ ਲਈ ਇਹੋ ਗੱਲ ਬੜੀ ਖੁਸ਼ੀ ਦੀ ਹੈ ਕਿਸੰਸਾਰ ਵਿੱਚ ਜੀ ਡੀ ਪੀ (ਸਮੁੱਚੇ ਘਰੇਲੂ ਉਤਪਾਦਨ) ਗਿਣਨ ਦੇ ਚਾਰਟ ਵਿੱਚ ਪਾਕਿਸਤਾਨ ਸਾਡੇ ਤੋਂ ਅਠਾਰਾਂ ਦਰਜੇ ਨੀਵਾਂ ਦਿੱਸਦਾ ਹੈ, ਬੰਗਲਾ ਦੇਸ਼ ਵੀ ਦੋ ਦਰਜੇ ਹੇਠਾਂ ਹੈ, ਪਰ ਥੋੜ੍ਹੀ ਹੋਰ ਝਾਤੀ ਮਾਰ ਲਈਏ ਤਾਂ ਇਹ ਤਸੱਲੀ ਵੀ ਖੰਭ ਲਾ ਕੇ ਉੱਡ ਜਾਂਦੀ ਹੈ। ਅਰਾਜਕਤਾ ਦਾ ਭੰਨਿਆ ਪਿਆ ਸ੍ਰੀਲੰਕਾ ਅਜੇ ਵੀ ਸਾਡੇ ਤੋਂ ਬਾਰਾਂ ਦਰਜੇ ਉੱਤੇ ਲਿਖਿਆ ਦਿੱਸਦਾ ਹੈ ਅਤੇ ਭੂਟਾਨ ਵਰਗਾ ਬਚੂੰਗੜਾ ਜਿਹਾ ਦੇਸ਼ ਭਾਰਤ ਤੋਂ ਸੱਤ ਦਰਜੇ ਉੱਚਾ ਦਿੱਸਦਾ ਹੈ। ਫਿਰ ਜੇ ਭੁੱਖਮਰੀ ਵਾਲਾ ਖਾਤਾ ਦੇਖਣ ਲੱਗ ਜਾਈਏ ਤਾਂ ਤਸੱਲੀ ਕਰਨ ਲਈ ਜੰਗਾਂ ਦਾ ਭੰਨਿਆ ਅਤੇ ਸਾਡੇ ਤੋਂ ਦੋ ਦਰਜੇ ਹੋਰ ਹੇਠਾਂ ਲਿਖਿਆ ਅਫਗਾਨਿਸਤਾਨ ਵੇਖ ਕੇ ਮਨ ਨੂੰ ਤਸੱਲੀ ਦੇਣੀ ਪਵੇਗੀ, ਪਾਕਿਸਤਾਨ ਵੀ ਇਸ ਖਾਤੇ ਵਿੱਚ ਸਾਡੇ ਨਾਲੋਂ ਅੱਠ ਦਰਜੇ ਚੰਗੇ ਥਾਂ ਲਿਖਿਆ ਹੈ। ਇਹ ਸੱਚਾਈ ਸਾਡੇ ਲੋਕਾਂ ਨੂੰ ਪਤਾ ਹੀ ਨਹੀਂ।

ਭਾਰਤ ਉਸ ਪੜਾਅ ਉੱਤੇ ਪਹੁੰਚ ਚੁੱਕਾ ਹੈ, ਜਿੱਥੇ ਸੁਫਨਿਆਂ ਨਾਲ ਬੁੱਤਾ ਸਾਰਨ ਦੀ ਥਾਂ ਹਕੀਕਤਾਂ ਪ੍ਰਵਾਨ ਕਰਨ ਦੀ ਹਿੰਮਤ ਵਿਖਾਉਣੀ ਪਵੇਗੀ। ਸੜਕ ਉੱਤੇ ਜਾਂਦਾ ਕੋਈ ਬੰਦਾ ਅਸਮਾਨ ਵੱਲ ਝਾਕਦਾ ਜਾਂਦਾ ਸੀ, ਪਿੱਛੋਂ ਆਉਂਦੇ ਟਰੱਕ ਦੇ ਡਰਾਈਵਰ ਨੇ ਹਾਰਨ ਵਜਾ ਕੇ ਕਿਹਾ ਸੀ: ਮੂਰਖਾ, ਹੇਠਾਂ ਵੇਖ ਕੇ ਚੱਲਿਆ ਕਰ, ਉੱਪਰ ਨੂੰ ਝਾਕਦਾ ਕਿਤੇ ਉਤਾਂਹ ਹੀ ਨਾ ਪਹੁੰਚ ਜਾਂਦਾ ਹੋਵੀਂ। ਭਾਰਤ ਨੂੰ ਵੀ ਖਿਆਲੀ ਉਡਾਰੀਆਂ ਲਾਉਣ ਦੀ ਥਾਂ ਆਪਣੇ ਪੈਰਾਂ ਹੇਠ ਕੰਬਦੀ ਜ਼ਮੀਨ ਦਾ ਕਾਂਬਾ ਮਹਿਸੂਸ ਕਰਨਾ ਹੋਵੇਗਾ। ਏਨਾ ਵੀ ਕਾਫੀ ਨਹੀਂ, ਇਸ ਕਾਂਬੇ ਦੇ ਕਾਰਨ ਦੂਰ ਕਰਨੇ ਹੋਣਗੇ। ਆਪਣੀ ਆਬਾਦੀ ਦੇ ਪੱਖ ਤੋਂ ਸਾਰੇ ਸੰਸਾਰ ਤੋਂ ਮੋਹਰੀ ਬਣਨ ਨੂੰ ਪ੍ਰਾਪਤੀ ਨਹੀਂ, ਸਮੱਸਿਆਵਾਂ ਦਾ ਬੋਝ ਸਮਝਣਾ ਹੋਵੇਗਾ, ਵਰਨਾ ਕਬੂਤਰ ਜੇ ਅੱਖਾਂ ਵੀ ਮੀਟ ਲਵੇ ਤਾਂ ਬਿੱਲੀ ਕਦੀ ਛੱਡ ਨਹੀਂ ਦੇਂਦੀ ਹੁੰਦੀ। ਭੁੱਖ ਨਾਲ ਆਂਦਰਾਂ ਨੂੰ ਜਦੋਂ ਮਰੋੜਾ ਪੈਣ ਲੱਗੇਗਾ ਤਾਂ ਭਾਰਤ ਦੇ ਲੋਕਾਂ ਨੂੰ ਹਾਕਮਾਂ ਦੇ ਵਿਖਾਏ ਹੋਏ ਹੁਸੀਨ ਸੁਫਨੇ ਵੀ ਡਰਾਉਣ ਵਾਲੇ ਜਾਪਣ ਲੱਗ ਸਕਦੇ ਹਨ।

# ਸ਼ਿਵ ਕੁਮਾਰ ਬਟਾਲਵੀ ਨੂੰ ਯਾਦ ਕਰਦਿਆਂ...

*ਜੋਬਨ ਰੁੱਤੇ ਜੋ ਵੀ ਮਰਦਾ, ਫੁੱਲ ਬਣੇ ਜਾਂ ਤਾਰਾ।*
*ਜੋਬਨ ਰੁੱਤੇ ਆਸ਼ਿਕ ਮਰਦੇ ਜਾਂ ਕੋਈ ਕਰਮਾਂ ਵਾਲਾ।*

ਉਪਰੋਕਤ ਸਤਰਾਂ ਤੁਸੀਂ ਕਿਤੇ ਨਾ ਕਿਤੇ ਆਪਣੀ ਜ਼ਿੰਦਗੀ ਵਿੱਚ ਜ਼ਰੂਰ ਪੜ੍ਹੀਆਂ ਜਾਂ ਸੁਣੀਆਂ ਹੋਣਗੀਆਂ। ਇਹਨਾਂ ਸਤਰਾਂ ਨੂੰ ਲਿਖਣ ਵਾਲ਼ਾ ਖ਼ੁਦ ਆਪਣੀਆਂ ਲਿਖੀਆਂ ਸਤਰਾਂ ਨਾਲ਼ ਵਫਾ ਨਿਭਾਉਂਦਿਆਂ ਸੱਚੀਂ ਜੋਬਨ ਰੁੱਤੇ 6 ਮਈ 1973 ਨੂੰ ਇਸ ਦੁਨੀਆਂ ਤੋਂ ਆਪਣੇ ਚਾਹੁਣ ਵਾਲਿਆਂ ਨੂੰ ਹਮੇਸ਼ਾ ਲਈ "ਅਲਵਿਦਾ" ਕਹਿ ਗਿਆ ਸੀ। ਭਲਾ ਇਸ ਤਰ੍ਹਾਂ ਵੀ ਕੋਈ ਅਲਵਿਦਾ ਕਹਿੰਦਾਂ ਹੁੰਦਾ ?

ਹਾਂ, ਸਾਡੇ ਕੋਲ਼ ਇੱਕ ਨਾਂ ਹੈ ਅਜਿਹਾ ਜਿਸ ਨੇ ਇੰਝ ਅਲਵਿਦਾ ਕਹਿਣ ਤੋਂ ਪਹਿਲਾਂ ਸਾਹਿਤਕ ਖੇਤਰ ਵਿੱਚ 'ਬਿਰਹਾ ਦੇ ਕਵੀ' ਦੇ ਤੌਰ ਤੇ ਆਪਣੀ ਬਹੁਤ ਵੱਡੀ ਪਹਿਚਾਣ ਬਣਾਈ।

'ਬਿਰਹਾ ਦਾ ਕਵੀ' ਸ਼ਬਦ ਸੁਣਦਿਆਂ ਉਮੀਦ ਕਰਦੇ ਹਾਂ ਕਿ ਤੁਹਾਡੇ ਖਿਆਲ ਸ਼ਿਵ ਕੁਮਾਰ ਬਟਾਲਵੀ ਦਾ ਨਾਂ ਹੁਣ ਜ਼ਰੂਰ ਆ ਚੁੱਕਾ ਹੋਵੇਗਾ।

ਸ਼ਿਵ ਕੁਮਾਰ ਦੇ ਦੁੱਖਾਂ ਦੀ ਗੱਲ ਕਰਦਿਆਂ ਸੰਤ ਸਿੰਘ ਸੇਖੋਂ ਲਿਖਦੇ ਹਨ ਕਿ "ਸ਼ਿਵ ਕੁਮਾਰ ਦੇ ਦੁੱਖ ਉਥੋਂ ਸ਼ੁਰੂ ਹੁੰਦੇ ਹਨ, ਜਿਥੋਂ ਜੌਹਨ ਕੀਟਸ ਦੇ ਖਤਮ ਹੁੰਦੇ ਹਨ।"

ਆਓ ਅੱਜ ਪੰਜਾਬੀ ਦੇ ਜੌਹਨ ਕੀਟਸ, ਬਿਰਹਾ ਦੇ ਕਵੀ ਨੂੰ ਉਹਨਾਂ ਦੇ ਜਨਮ ਦਿਨ 'ਤੇ ਯਾਦ ਕਰਦਿਆਂ ਉਹਨਾਂ ਦੀ ਜ਼ਿੰਦਗੀ ਤੇ ਸਾਹਿਤਕ ਸਫ਼ਰ ਨਾਲ਼ ਆਪਾਂ ਸਾਂਝ ਬਣਾਈਏ।

ਜਨਮ ਤੇ ਪਰਿਵਾਰ:- ਸ਼ਿਵ ਕੁਮਾਰ ਦਾ ਜਨਮ 23 ਜੁਲਾਈ 1936 (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੁਸਤਕਾਂ ਮੁਤਾਬਕ 8 ਅਕਤੂਬਰ 1937ਈ.) ਨੂੰ ਜੰਮੂ-ਕਸ਼ਮੀਰ ਦੀ ਹੱਦ ਨਾਲ਼ ਲੱਗਦੇ 'ਸ਼ਕਰਗੜ੍ਹ' ਤਹਿਸੀਲ ਦੇ ਬੜਾ ਪਿੰਡ ਲੋਹਟੀਆਂ (ਅੱਜਕਲ ਪਾਕਿਸਤਾਨ) ਵਿੱਚ ਹੋਇਆ ਸੀ। ਦੇਸ ਦੀ ਵੰਡ ਤੋਂ ਪਹਿਲਾਂ ਇਹ ਗੁਰਦਾਸਪੁਰ ਜ਼ਿਲ੍ਹੇ ਦਾ ਇੱਕ ਪਿੰਡ ਸੀ। ਉਹਨਾਂ ਦੇ ਪਿਤਾ ਪੰਡਤ ਕ੍ਰਿਸ਼ਨ ਗੋਪਾਲ, ਮਾਲ ਮਹਿਕਮੇ ਵਿਚ ਪਹਿਲਾਂ ਪਟਵਾਰੀ ਰਹੇ, ਬਾਅਦ ਵਿਚ ਕਾਨੂੰਗੋ ਅਤੇ ਸੇਵਾਮੁਕਤੀ ਵੇਲੇ ਪਟਵਾਰ ਸਕੂਲ ਬਟਾਲਾ ਦੇ ਪ੍ਰਿੰਸੀਪਲ ਸਨ। ਉਹਨਾਂ ਦੀ ਮਾਤਾ ਸ਼ਾਂਤੀ ਦੇਵੀ ਦੀ ਆਵਾਜ਼ ਬਹੁਤ ਸੁਰੀਲੀ ਸੀ, ਉਹੀ ਸੁਰੀਲਾਪਣ ਸ਼ਿਵ ਦੀ ਆਵਾਜ਼ ਵਿਚ ਵੀ ਸੀ।



ਪੜ੍ਹਾਈ ਤੇ ਰੁਜ਼ਗਾਰ ਦਾ ਸਫ਼ਰ:- ਸ਼ਿਵ ਕੁਮਾਰ ਨੇ ਮੁੱਢਲੀ ਪੜ੍ਹਾਈ ਬੜਾ ਪਿੰਡ 'ਲੋਹਤੀਆਂ' ਦੇ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ। ਸੰਨ 1953 ਵਿੱਚ ਸ਼ਿਵ ਨੇ 'ਸਾਲਵੇਸ਼ਨ ਆਰਮੀ ਹਾਈ ਸਕੂਲ' ਬਟਾਲਾ ਤੋਂ ਦਸਵੀਂ ਪਾਸ ਕੀਤੀ। ਉਸ ਦੇ ਪਿਤਾ ਉਸ ਨੂੰ ਚੰਗਾ ਪੜ੍ਹਾ-ਲਿਖਾ ਕੇ ਉੱਚ ਵਿੱਦਿਆ ਦਿਵਾ ਕੇ ਇੱਕ ਕਾਰੋਬਾਰੀ ਵਿਅਕਤੀ ਬਣਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਨਿਰਾਸ਼ਾ ਹੀ ਮਿਲ਼ੀ ਕਿਉਂਕਿ ਦਸਵੀਂ ਤੋਂ ਬਾਅਦ ਅਗਲੇ ਦੋ ਸਾਲ ਦੌਰਾਨ ਬਿਨਾਂ ਕਿਸੇ ਡਿਗਰੀ ਪ੍ਰਾਪਤ ਕਰਨ ਦੇ ਉਸ ਨੇ ਤਿੰਨ ਵਾਰੀ ਕਾਲਜ ਬਦਲੇ। ਪਹਿਲਾਂ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ ਵਿਚ ਐਫ਼.ਐਸ.ਸੀ. ਵਿਚ ਦਾਖ਼ਲਾ ਲਿਆ ਅਤੇ ਇਮਤਿਹਾਨਾਂ ਤੋਂ ਪਹਿਲਾਂ ਹੀ ਛੱਡ ਦਿਤਾ। ਫਿਰ ਨਾਭੇ ਜਾ ਕੇ ਸਰਕਾਰੀ ਰਿਪੁਦਮਨ ਕਾਲਜ ਵਿਚ ਦਾਖ਼ਲ ਹੋਇਆ, ਪਰ ਕੁੱਝ ਹੀ ਮਹੀਨਿਆਂ ਪਿੱਛੋਂ ਮੁੜ ਆਇਆ ਅਤੇ ਆਰਟਸ ਵਿਸ਼ਿਆਂ ਨਾਲ ਸਿੱਖ ਨੈਸ਼ਨਲ ਕਾਲਜ, ਕਾਦੀਆਂ ਵਿਚ ਦਾਖ਼ਲਾ ਲੈ ਲਿਆ। ਉਥੇ ਵੀ ਇਮਤਿਹਾਨ ਨਾ ਦਿੱਤਾ ਅਤੇ ਸਾਲ ਬਾਅਦ ਇਹ ਕਾਲਜ ਛੱਡ ਕੇ ਬੈਜਨਾਥ ਜ਼ਿਲ੍ਹਾ ਕਾਂਗੜਾ ਦੇ ਇਕ ਸਕੂਲ ਵਿਚ ਓਵਰਸੀਅਰ ਦੇ ਕੋਰਸ ਵਿਚ ਦਾਖ਼ਲਾ ਲੈ ਲਿਆ। ਫਿਰ ਪਿਤਾ ਕ੍ਰਿਸ਼ਨ ਗੋਪਾਲ ਨੇ ਪੁੱਤਰ ਸ਼ਿਵ ਕੁਮਾਰ ਨੂੰ ਪਟਵਾਰੀ ਲਵਾ ਦਿੱਤਾ ਪਰ 1961 ਵਿਚ ਉਸ ਨੇ ਇਸ ਨੌਕਰੀ ਤੋਂ ਵੀ ਅਸਤੀਫ਼ਾ ਦੇ ਦਿਤਾ ਅਤੇ 1966 ਤੱਕ ਬੇਰੁਜ਼ਗਾਰ ਹੀ ਰਿਹਾ। ਪਿਤਾ ਕੋਲੋਂ ਉਹ ਕੋਈ ਖ਼ਰਚਾ ਨਹੀਂ ਸੀ ਲੈਂਦਾ। ਇਸ ਲਈ ਇਸ ਸਮੇਂ ਦੌਰਾਨ ਉਹ ਕਦੀ ਕਦਾਈਂ ਕਵੀ ਦਰਬਾਰਾਂ ਵਿਚ ਅਪਣੀਆਂ ਕਵਿਤਾਵਾਂ ਪੜ੍ਹਨ ਦੇ ਸੇਵਾ ਫਲ ਜਾਂ ਕੁੱਝ ਛਪ ਚੁੱਕੀਆਂ ਕਿਤਾਬਾਂ ਦੀ ਨਿਗੂਣੀ ਜਿਹੀ ਰਾਇਲਟੀ 'ਤੇ ਹੀ ਗੁਜ਼ਾਰਾ ਕਰਦਾ ਸੀ। ਕਈ-ਕਈ ਦਿਨ ਉਹ ਦੋਸਤਾਂ-ਯਾਰਾਂ ਦੇ ਘਰੀਂ ਹੀ ਰਹਿੰਦਾ। ਆਖ਼ਰ 1966 ਵਿੱਚ ਰੋਜ਼ੀ-ਰੋਟੀ ਦੇ ਉਪਰਾਲੇ ਵਜੋਂ ਉਸ ਨੇ 'ਸਟੇਟ ਬੈਂਕ ਆਫ਼ ਇੰਡੀਆ' ਦੀ ਬਟਾਲਾ ਬ੍ਰਾਂਚ ਵਿੱਚ ਕਲਰਕ ਦੀ ਨੌਕਰੀ ਲੈ ਲਈ।



ਸੁਖਚੈਨ ਸਿੰਘ ਕੁਰੜ
(ਪੰਜਾਬੀ ਅਧਿਆਪਕ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਮਾਨਾ ਸਿੰਘ ਵਾਲ਼ਾ।

ਵਿਆਹ ਤੇ ਔਲ਼ਾਦ:- 5 ਫਰਵਰੀ 1967 ਨੂੰ ਸ਼ਿਵ ਦੀ ਸ਼ਾਦੀ ਅਰੁਣਾ ਨਾਲ਼ ਹੋਈ, ਉਨ੍ਹਾਂ ਦੇ ਦੋ ਬੱਚੇ ਮਿਹਰਬਾਨ ਬਟਾਲਵੀ ਤੇ ਪੂਜਾ ਬੇਟੀ ਹੋਏ। ਅਗਲੇ ਸਾਲ ਉਸਦੀ ਬਦਲੀ ਚੰਡੀਗੜ੍ਹ ਹੋ ਗਈ। ਇਸੇ ਸਾਲ ਹੀ ਸ਼ਿਵ ਨੂੰ ਉਸਦੀ ਸ਼ਾਹਕਾਰ ਕਾਵਿ ਨਾਟਕ ਰਚਨਾ "ਲੂਣਾ" ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਸਭ ਤੋਂ ਛੋਟੀ ਉਮਰੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਕਰਨ ਦਾ ਮਾਣ ਸ਼ਿਵ ਕੁਮਾਰ ਬਟਾਲਵੀ ਦੇ ਹਿੱਸੇ ਹੀ ਆਇਆ।

ਇਸ ਕਾਵਿ ਨਾਟਕ ਵਿੱਚ ਕਵੀ ਨੇ ਪਹਿਲੀ ਵਾਰ ਲੂਣਾ ਨੂੰ ਨਿਰਦੋਸ਼ ਸਾਬਤ ਕਰਨ ਦਾ ਸਫਲ ਯਤਨ ਕੀਤਾ।

"ਪੰਜਾਬੀ ਕਵੀਆਂ ਵਿਚੋਂ ਸ਼ਿਵ ਨੂੰ ਸਭ ਤੋਂ ਵੱਧ ਗਾਇਆ ਗਿਆ ਹੈ। ਮੁਹੰਮਦ ਰਫੀ, ਮਹਿੰਦਰ ਕਪੂਰ, ਜਗਜੀਤ ਸਿੰਘ, ਹੰਸ ਰਾਜ ਹੰਸ, ਜਗਜੀਤ ਜੀਰਵੀ, ਸ਼ਿੰਗਾਰਾ ਚਾਹਲ, ਆਸ਼ਾ ਭੌਂਸਲੇ, ਪੁਸ਼ਪਾ ਹੰਸ, ਸੁਰਿੰਦਰ ਕੌਰ ਗਾਇਕਾਂ ਨੇ ਗਾਇਆ ਹੈ। ਬਲਵੰਤ ਗਾਰਗੀ ਦੇ ਨਾਟਕ 'ਗਗਨ ਮਹਿ ਥਾਲ' ਦੇ ਗੀਤ ਵੀ ਸ਼ਿਵ ਨੇ ਗੁਰੂ ਨਾਨਕ ਸ਼ਤਾਬਦੀ ਮੌਕੇ ਲਿਖੇ।

ਉਸ ਦੇ ਜਮਾਤੀ ਸ: ਭੁਪਿੰਦਰ ਸਿੰਘ ਮਾਨ ਅਤੇ ਡਾ: ਮ. ਸ. ਬਾਜਵਾ ਦੱਸਦੇ ਨੇ ਕਿ ਸ਼ਿਵ ਕੁਮਾਰ ਦੀ ਜ਼ਿੰਦਗੀ ਦਾ ਹਰ ਵਰਕਾ ਰਵਾਇਤੀ ਬੰਧਨਾਂ ਤੋਂ ਮੁਕਤ ਸੀ। ਉਹ ਰਿਸ਼ਤਿਆਂ ਨਾਤਿਆਂ ਅਤੇ ਸੰਬੰਧਾਂ ਦੀ ਪਾਕੀਜ਼ਗੀ ਤੋਂ ਵਾਕਿਫ ਹੁੰਦਾ ਹੋਇਆ ਵੀ ਸਾਰੇ ਬੰਧਨ ਤੋੜ ਦਿੰਦਾ। ਉਹ ਰਾਵੀ ਦਾ ਪੁੱਤਰ ਸੀ। ਉਸ ਨੂੰ ਦਰਿਆ ਦੇ ਅੱਥਰੇ ਵੇਗ ਦੀ ਗੁੜ੍ਹਤੀ ਸੀ।

ਸ਼ਿਵ ਬਾਰੇ ਗੱਲ ਕਰਦਿਆਂ ਹਰਭਜਨ ਬਾਜਵਾ ਦੱਸਦੇ ਹਨ ਕਿ ਜਦ ਕਵੀ ਦਰਬਾਰ ਲਗਦਾ ਤਾਂ ਸ਼ਿਵ ਕੁਮਾਰ ਨੂੰ ਉਦੋਂ ਹੀ ਕਵਿਤਾ ਬੋਲਣ ਲਈ ਆਖਿਆ ਜਾਂਦਾ ਜਦ ਕਵੀ ਦਰਬਾਰ ਸਮਾਪਤ ਹੋਣਾ ਹੋਵੇ, ਕਿਉਂਕਿ ਜੇਕਰ ਸ਼ਿਵ ਪਹਿਲਾਂ ਕਵਿਤਾ ਸੁਣਾ ਦਿੰਦਾ ਤਾਂ ਬਾਅਦ ਵਿੱਚ ਚਾਹੇ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਕਵਿਤਾ ਗਾਉਣ ਪਰ ਸ਼ਿਵ ਦੀ ਕਵਿਤਾ ਅੱਗੇ ਉਨ੍ਹਾਂ ਦਾ ਰੰਗ ਫਿੱਕਾ ਪੈ ਜਾਂਦਾ। ਸ਼ਿਵ ਕੁਮਾਰ ਦੀ ਕਵੀ ਦਰਬਾਰ 'ਚ ਸਰਦਾਰੀ ਹੁੰਦੀ ਸੀ।


ਸਾਹਿਤਕ ਰਚਨਾਵਾਂ:- ਪੀੜਾ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ,ਮੈਨੂੰ ਵਿਦਾ ਕਰੋ,ਦਰਦਮੰਦਾਂ ਦੀਆਂ ਆਹੀਂ,ਬਿਰਹਾ ਤੂੰ ਸੁਲਤਾਨ,ਲੂਣਾ, ਮੈਂ ਤੇ ਮੈਨੂੰ, ਆਰਤੀ,ਬਿਰਹੜਾ ਆਦਿ ਸ਼ਿਵ ਦੀਆਂ ਮਹੱਤਵਪੂਰਨ ਕਾਵਿ ਪੁਸਤਕਾਂ ਹਨ। ਅਲਵਿਦਾ ਅਤੇ ਅਸਾਂ ਤਾਂ ਜੋਬਨ ਰੁੱਤੇ ਮਰਨਾ ਸ਼ਿਵ ਦੇ ਸੰਪਾਦਿਤ ਕਾਵਿ-ਸੰਗ੍ਰਹਿ ਹਨ।

ਸ਼ਿਵ ਦੀ ਗੱਲ ਕਰਦਿਆਂ ਉਹਦੇ ਲਿਖੇ ਰੇਖਾ ਚਿੱਤਰਾਂ ਬਾਰੇ ਵੀ ਸਾਂਝ ਬਣਾਉਣੀ ਜ਼ਰੂਰੀ ਹੈ। ਸ਼ਿਵ ਸ.ਸ. ਮੀਸ਼ਾ ਨੂੰ ਚਿਤਰਦਿਆਂ ਉਸ ਦੇ ਮੁਹਾਂਦਰੇ ਨੂੰ "ਮੀਸਣੀ ਮੁਸਕਾਨ" ਦਾ ਨਾਂ ਦਿੰਦਾ ਹੈ। ਅਜੀਤ ਕੌਰ ਨੂੰ "ਉਦਾਸ ਲਾਲਟੈਣ" ਦੱਸਦਾ ਹੈ ਅਤੇ ਮੋਹਨ ਭੰਡਾਰੀ ਨੂੰ ਬਹੁਤਾ ਗਰੀਬੜਾ ਜਿਹਾ ਪੇਸ਼ ਕਰਦਿਆਂ ਉਸ ਨੂੰ "ਫੁਲਬਹਿਰੀ ਵਾਲੇ ਹੱਥ" ਆਖਦਾ ਹੈ। ਸੱਜਣ ਦੱਸਦੇ ਨੇ ਕਿ ਸ਼ਿਵ ਕੁਮਾਰ ਨੂੰ ਭੰਡਾਰੀ ਵਾਲੇ ਰੇਖਾ ਚਿੱਤਰ ਬਾਰੇ ਆਖਰੀ ਵੇਲੇ ਤੀਕ ਪਛਤਾਵਾ ਰਿਹਾ ਕਿ ਮੈਂ ਉਸ ਨਾਲ਼ ਧੱਕਾ ਕੀਤਾ ਹੈ।

1972 'ਚ ਉਹ ਡਾ.ਗੋਪਾਲਪੁਰ ਤੇ ਸ਼੍ਰੀਮਤੀ ਕੈਲਾਸ਼ਪੁਰੀ ਦੇ ਸੱਦੇ 'ਤੇ ਸ਼ਿਵ ਇੰਗਲੈਂਡ ਗਿਆ। ਜਦੋਂ ਉਹ ਇੰਗਲੈਂਡ ਪਹੁੰਚਿਆ ਤਾਂ ਉਸ ਦੀ ਆਮਦ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੀ। ਉਸ ਦੇ ਮਾਣ 'ਚ ਸਥਾਨਕ ਪੰਜਾਬੀ ਲੇਖਕਾਂ ਅਤੇ ਉਸ ਦੇ ਚਾਹੁਣ ਵਾਲਿਆਂ ਵੱਲੋਂ ਕਈ ਪਾਰਟੀਆਂ ਦਿੱਤੀਆਂ ਗਈਆਂ। ਇੰਗਲੈਂਡ 'ਚ ਉਸ ਦੀਆਂ ਗਤੀਵਿਧੀਆਂ ਭਾਰਤੀ ਮੀਡੀਆ ਅਤੇ ਬੀ.ਬੀ.ਸੀ. ਦੀਆਂ ਖ਼ਬਰਾਂ ਵੀ ਬਣਦੀਆਂ ਰਹੀਆਂ।

ਜਦੋਂ ਸ਼ਿਵ ਇੰਗਲੈਂਡ ਤੋਂ ਸਤੰਬਰ 1972 'ਚ ਵਾਪਸ ਆਇਆ, ਉਸ ਦੀ ਸਿਹਤ ਵਿਗੜਦੀ ਚਲੀ ਗਈ। ਇੰਗਲੈਂਡ ਵਾਪਸੀ ਤੋਂ ਕੁੱਝ ਮਹੀਨਿਆਂ ਬਾਅਦ ਹੀ ਉਸ ਦੀ ਸਿਹਤ ਬਹੁਤ ਜ਼ਿਆਦਾ ਵਿਗੜ ਗਈ।ਅਖੀਰ 6 ਮਈ 1973 ਨੂੰ ਇਹ ਬਿਰਹਾ ਦਾ ਕਵੀ ਹਮੇਸ਼ਾਂ ਲਈ ਆਪਣੇ ਚਾਹੁਣ ਵਾਲਿਆਂ ਨੂੰ ਵਿਦਾ ਕਹਿ ਗਿਆ।

# ਕਾਊਂਸਲਿੰਗ ਸੈਲ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਤਿਆਰ ਕਰ ਸਕਦੇ ਹਨ



ਵਿਦਿਆਰਥੀਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਦੁਨੀਆ ਬਹੁਤ ਬਦਲ ਗਈ ਹੈ। ਇਹ ਮਹਾਂਮਾਰੀ ਤੋਂ ਬਾਅਦ ਦੇ ਪ੍ਰਭਾਵ ਨੂੰ ਵਾਰ-ਵਾਰ ਦੁਹਰਾਇਆ ਜਾਂਦਾ ਹੈ ਕਿਉਂਕਿ ਇਸਦਾ ਪ੍ਰਭਾਵ ਬਹੁਤ ਵੱਡਾ ਹੈ। ਵਿਦਿਆਰਥੀਆਂ ਨੂੰ ਕੋਰਸ ਜਾਂ ਅਧਿਐਨ ਦੀ ਇੱਕ ਲਾਈਨ ਦੀ ਚੋਣ ਕਰਦੇ ਸਮੇਂ ਕਈ ਕਾਰਕਾਂ 'ਤੇ ਵਿਚਾਰ ਕਰਨ ਦੀ ਲੋੜ ਹੁੰਦੀ ਹੈ।

ਇਹ ਇਸ ਤਰ੍ਹਾਂ ਹਨ:

ਨੌਕਰੀ ਜਾਂ ਹੁਨਰ ਦਾ ਭਵਿੱਖ ਦਾ ਸਕੋਪ, ਹੁਣ ਅਤੇ ਆਉਣ ਵਾਲੇ ਭਵਿੱਖ ਵਿੱਚ ਮਾਰਕੀਟ ਦੀ ਮੰਗ, ਅਤੇ ਜੇਕਰ ਉਹ ਕਰੀਅਰ ਵਿੱਤੀ ਤੌਰ 'ਤੇ ਲਾਭਦਾਇਕ ਹੋਵੇਗਾ ਜਾਂ ਨਹੀਂ। ਸਾਰੇ ਖੇਤਰਾਂ ਵਿੱਚ ਤਕਨਾਲੋਜੀ ਵਿੱਚ ਵਾਧੇ ਕਾਰਨ ਬਹੁਤ ਸਾਰੀਆਂ ਨਵੀਆਂ ਨੌਕਰੀਆਂ ਪੈਦਾ ਹੋ ਰਹੀਆਂ ਹਨ। ਹਾਲਾਂਕਿ ਇਹ ਚੰਗੀ ਗੱਲ ਹੈ ਕਿ ਅੱਜ ਵਿਦਿਆਰਥੀਆਂ ਕੋਲ ਚੁਣਨ ਲਈ ਹੋਰ ਬਹੁਤ ਕੁਝ ਹੈ, ਪਰ ਵਧਦੀ ਗਿਣਤੀ ਇੱਕ ਆਦਰਸ਼ ਮਾਰਗ ਦੀ ਚੋਣ ਕਰਨ ਵਿੱਚ ਉਹਨਾਂ ਦੀ ਉਲਝਣ ਵਿੱਚ ਵੀ ਵਾਧਾ ਕਰਦੀ ਹੈ।

ਤਜਰਬੇਕਾਰ ਗਾਈਡ:

ਉਲਝਣ, ਬਦਲੇ ਵਿੱਚ, ਵਿਦਿਆਰਥੀਆਂ ਵਿੱਚ ਭਾਵਨਾਤਮਕ ਸਮੱਸਿਆਵਾਂ ਵੱਲ ਖੜਦੀ ਹੈ। ਜਦੋਂ ਵਿਦਿਆਰਥੀਆਂ ਨੂੰ ਜੀਵਨ ਦੀਆਂ ਮੁੱਖ ਚੋਣਾਂ ਕਰਨ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਇਹ ਭਾਵਨਾਤਮਕ ਮੁੱਦਿਆਂ ਜਿਵੇਂ ਕਿ ਭਵਿੱਖ ਬਾਰੇ ਚਿੰਤਾ ਦਾ ਕਾਰਨ ਬਣ ਸਕਦੀ ਹੈ। ਇਸ ਤੋਂ ਇਲਾਵਾ, ਅਪਸਕਿਲਿੰਗ ਅਤੇ ਸਿੱਖਣ ਲਈ ਇੰਨੇ ਸਾਰੇ ਵਿਕਲਪ ਉਪਲਬਧ ਹਨ ਕਿ ਵਿਦਿਆਰਥੀਆਂ ਨੂੰ ਥੋੜ੍ਹੇ ਸਮੇਂ ਦੇ ਅਤੇ ਲੰਬੇ ਸਮੇਂ ਦੇ ਕੋਰਸਾਂ ਵਿਚਕਾਰ ਚੋਣ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਸਹੀ ਕੈਰੀਅਰ ਮਾਰਗ ਦੀ ਚੋਣ ਕਰਨਾ ਸਿਰਫ ਪਹਿਲੀ ਰੁਕਾਵਟ ਹੈ, ਭਾਵੇਂ ਸਭ ਤੋਂ ਵੱਡਾ ਹੋਵੇ। ਅਗਲਾ ਕੰਮ ਸਹੀ ਜਾਣਕਾਰੀ ਇਕੱਠੀ ਕਰਨਾ ਹੈ। ਸਿਖਲਾਈ ਪ੍ਰਾਪਤ ਅਤੇ ਤਜਰਬੇਕਾਰ ਅਧਿਆਪਕ ਕਾਲਜਾਂ ਵਿੱਚ ਇਨ੍ਹਾਂ ਕਾਉਂਸਲਿੰਗ ਸੈੱਲਾਂ ਵਿੱਚ ਸ਼ਾਮਲ ਹੋਣਗੇ। ਅਧਿਆਪਕਾਂ ਦੀ ਮਦਦ ਨਾਲ, ਵਿਦਿਆਰਥੀ ਆਪਣੇ ਵਿਗਿਆਨਕ, ਵਿਸ਼ਲੇਸ਼ਣਾਤਮਕ ਅਤੇ ਰਚਨ-ਾਤਮਕ ਸੁਭਾਅ ਨੂੰ ਨਿਰਧਾਰਤ ਕਰਨ ਲਈ ਇੰਟਰਵਿਊ ਅਤੇ ਟੈਸਟਾਂ ਵਿੱਚੋਂ ਗੁਜ਼ਰਨਗੇ।

ਆਦਰਸ਼ ਕੈਰੀਅਰ ਮਾਰਗ ਲੱਭਣਾ:

ਵਿਦਿਆਰਥੀਆਂ ਦੇ ਭਵਿੱਖ ਦੇ ਅਕਾਦਮਿਕ ਵਿਕਲਪਾਂ ਲਈ ਵੱਖਰੇ ਬਜਟ ਹੋਣਗੇ, ਅਤੇ ਇਹਨਾਂ 'ਤੇ ਵੀ ਵਿਚਾਰ ਕਰਨਾ ਹੋਵੇਗਾ। ਡੇਟਾ ਨੂੰ ਉਹਨਾਂ ਦੀਆਂ ਰੁਚੀਆਂ ਅਤੇ ਤਰਜੀਹਾਂ ਨਾਲ ਜੋੜਨਾ ਵਿਦਿਆਰਥੀਆਂ ਨੂੰ ਇੱਕ ਆਦਰਸ਼ ਕੈਰੀਅਰ ਮਾਰਗ ਦਾ ਪਤਾ ਲਗਾਉਣ ਵਿੱਚ ਮਦਦ ਕਰੇਗਾ। ਇੱਕ ਵਾਰ ਜਦੋਂ ਵਿਦਿਆਰਥੀ ਕੈਰੀਅਰ ਦੇ ਮਾਰਗਾਂ ਨੂੰ ਜਾਣ ਲੈਂਦੇ ਹਨ, ਤਾਂ ਉਹ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਸਕਦੇ ਹਨ। ਇੱਥੇ, ਅਧਿਆਪਕ ਵਿਗਿਆਨ, ਕਲਾ, ਵਿੱਤ, ਸਾਹਿਤ ਅਤੇ ਸੰਗੀਤ ਸਮੇਤ ਹੋਰ ਖੇਤਰਾਂ ਵਿੱਚ ਵੱਖ-ਵੱਖ ਪੱਧਰਾਂ 'ਤੇ ਹੋਣ ਵਾਲੀਆਂ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਬਾਰੇ ਜਾਣਕਾਰੀ ਇਕੱਠੀ ਕਰਨ ਦੇ ਯੋਗ ਹੋਣਗੇ। ਸਹੀ ਜਾਣਕਾਰੀ ਦੇ ਨਾਲ, ਵਿਦਿਆਰਥੀ ਆਪਣੇ ਸੁਪਨਿਆਂ ਦੇ ਕੈਰੀਅਰ ਨੂੰ ਲੱਭ ਲੈਣਗੇ ਅਤੇ ਇਸ ਦੇ ਮਾਲਕ ਹੋਣਗੇ।

ਆਤਮਵਿਸ਼ਵਾਸ ਵਧਾਉਣਾ:

ਕਰੀਅਰ ਕਾਉਂਸਲਿੰਗ ਦੇ ਮਹੱਤਵਪੂਰਨ ਲਾਭਾਂ ਵਿੱਚੋਂ ਇੱਕ ਇਹ ਹੈ ਕਿ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਵਿੱਚ ਬਹੁਤ ਵਾਧਾ ਹੁੰਦਾ ਹੈ। ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਜ਼ਿਆਦ-ਾਤਰ ਭਾਵਨਾਤਮਕ ਅਤੇ ਆਤਮ-ਵਿਸ਼ਵਾਸ ਦੇ ਮੁੱਦੇ ਅਨਿਸ਼ਚਿਤਤਾ ਅਤੇ ਡਰ ਵਿੱਚ ਜੜ੍ਹਾਂ ਹਨ। ਜੇ ਤੁਸੀਂ ਨਹੀਂ ਜਾਣਦੇ ਕਿ ਭਵਿੱਖ ਕੀ ਹੈ, ਤਾਂ ਤੁਸੀਂ ਇਸ ਬਾਰੇ ਚਿੰਤਤ ਹੋਵੋਗੇ।

*-ਵਿਜੈ ਗਰਗ*
*ਲੇਖਕ ਅਤੇ ਕਾਲਮਨਵੀਸ*
*ਮਲੋਟ ਪੰਜਾਬ*


## ਹਲਕਾ-ਫੁਲਕਾ

ਇੱਕ ਬਜ਼ੁਰਗ ਸੱਜਣ ਨੇ ਇੱਕ ਕੰਪਨੀ ਦੇ ਦਫ਼ਤਰ ਵਿੱਚ ਜਾ ਕੇ ਮੈਨੇਜਰ ਨੂੰ ਪੁੱਛਿਆ, "ਤੁਹਾਡੇ ਦਫ਼ਤਰ ਵਿੱਚ ਮੇਰਾ ਲੜਕਾ ਕੰਮ ਕਰਦਾ ਹੈ, ਕੀ ਮੈਂ ਉਸ ਨੂੰ ਮਿਲ ਸਕਦਾ ਹਾਂ?"

ਮੈਨੇਜਰ ਨੇ ਬੜੀ ਗੌਰ ਨਾਲ ਉਸ ਬਜ਼ੁਰਗ ਸੱਜਣ ਨੂੰ ਦੇਖਿਆ ਤੇ ਬੋਲਿਆ, "ਜੀ ਮੈਨੂੰ ਖੇਦ ਹੈ ਕਿ ਤੁਸੀਂ ਥੋੜ੍ਹਾ ਲੇਟ ਆਏ, ਤੁਹਾਡਾ ਅੰਤਿਮ ਸੰਸਕਾਰ ਕਰਨ ਲਈ ਛੁੱਟੀ ਲੈ ਕੇ ਥੋੜ੍ਹੀ ਦੇਰ ਪਹਿਲਾਂ ਗਿਆ ਹੈ।"

********

ਟੈਕਸੀਵਾਲਾ, "ਸਾਬ੍ਹ! ਬ੍ਰੇਕ ਫੇਲ ਹੋ ਗਈ ਹੈ, ਗੱਡੀ ਰੁਕ ਨਹੀਂ ਰਹੀ, ਕੀ ਕਰਾਂ?"



ਸਵਾਰੀ, "ਓਹ ਭਰਾ! ਪਹਿਲਾਂ ਮੀਟਰ ਬੰਦ ਕਰ ਦੇ।"

********

ਬੇਟਾ, "ਮਾਂ, ਮੈਂ ਵੀ ਤਲਾਅ ਵਿੱਚ ਤੈਰਨਾ ਚਾਹੁੰਦਾ ਹਾਂ।"

ਮਾਂ, "ਨਹੀਂ ਬੇਟਾ, ਡੁਬ ਜਾਵੇਂਗਾ।"

ਬੇਟਾ, "ਪਿਤਾ ਜੀ ਵੀ ਇੱਕ ਘੰਟੇ ਤੋਂ ਤਲਾਅ ਵਿੱਚ ਹਨ, ਉਨ੍ਹਾਂ ਨੂੰ ਕਿਹੜਾ ਚੰਗੀ ਤਰ੍ਹਾਂ ਤਰਨਾ ਆਉਂਦਾ ਹੈ।"

ਮਾਂ, "ਬੇਟਾ! ਤੇਰੇ ਪਿਤਾ ਜੀ ਦਾ ਤਾਂ ਬੀਮਾ ਹੋ ਚੁਕਿਆ ਹੈ।"




# ਪ੍ਰਤਾਪ ਬਾਜਵਾ ਵੱਲੋਂ ਮੰਗ, ਬੇਅਦਬੀ ਮਾਮਲੇ ਉੱਤੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਹੋਣਾ ਚਾਹੀਦੈ

ਚੰਡੀਗੜ੍ਹ, 28 ਜੁਲਾਈ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏ ਬੇਅਦਬੀ ਮਾਮਲਿਆਂ ਬਾਰੇ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗਇੱਕ ਵਾਰ ਫਿਰ ਤੂਲ ਫੜ ਰਹੀ ਹੈ। ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਪੱਤਰ ਲਿਖ ਕੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਣ ਦੀ ਮੰਗ ਕੀਤੀ ਹੈ।



ਆਪਣੇ ਪੱਤਰ ਰਾਹੀਂ ਪ੍ਰਤਾਪ ਸਿੰਘ ਬਾਜਵਾ ਨੇ ਬੇਅਦਬੀ ਮਾਮਲਿਆਂ ਉੱਤੇ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਅਪੀਲ ਕੀਤੀ ਅਤੇ ਲਿਖਿਆ ਹੈ ਕਿ ਸੂਬੇ ਦੇ ਮੁਖੀ ਦਾ ਫ਼ਰਜ਼ ਹੈ ਕਿ ਪਰਜਾ ਨੂੰ ਇਨਸਾਫ ਦੇਵੇ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਮਿਸਾਲੀ ਨੂੰ ਸਜ਼ਾ ਨਾ ਮਿਲਣ ਕਾਰਨ ਪਿਛਲੇ ਸਮੇਂ ਤੋਂ ਬੇਅਦਬੀ ਦੇ ਕੇਸ ਲਗਾਤਾਰ ਵਧ ਰਹੇ ਹਨ।ਬਾਜਵਾ ਨੇ ਬੇਅਦਬੀ ਦੇ ਵਧਦੇ ਮਾਮਲਿਆਂ ਬਾਰੇ ਚਿੰਤਾ ਨਾਲ ਕਿਹਾ ਕਿ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਸਮੇਂ ਉੱਤੇ ਨਾ ਮਿਲਣ ਕਾਰਨ ਅਪਰਾਧੀਆਂ ਦੇ ਹੌਂਸਲੇ ਵਧ ਗਏ ਹਨ ਅਤੇ ਇਨ੍ਹਾਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ।

ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪਹਿਲੇ ਬਜਟ ਸੈਸ਼ਨ ਮੌਕੇ ਵੀ ਬੇਅਦਬੀ ਦੇ ਮਾਮਲੇ ਉਪਰ ਚਰਚਾ ਦੀ ਮੰਗ ਉਠੀ ਸੀ। ਸਰਕਾਰ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੇ ਖ਼ੁਦ ਬੇਅਦਬੀ ਦੇ ਮਸਲੇ ਉੱਤੇ ਬੋਲਣ ਲਈ ਸਪੀਕਰ ਤੋਂ ਸਮਾਂ ਮੰਗਿਆ ਸੀ, ਪਰ ਉਦੋਂ ਇਹ ਮੰਗ ਮਨਜ਼ੂਰ ਨਹੀਂ ਸੀ ਕੀਤੀ ਗਈ।

# ਗੈਰ ਇਰਾਦਤਨ ਕਤਲ ਦੇ ਦੋਸ਼ੀ ਨੂੰ ਸੱਤ ਸਾਲ ਦੀ ਕੈਦ

ਜਲੰਧਰ, 28 ਜੁਲਾਈ (ਪੋਸਟ ਬਿਊਰੋ)- ਜ਼ਿਲ੍ਹਾ ਤੇ ਸੈਸ਼ਨ ਜੱਜ ਰੁਪਿੰਦਰਜੀਤ ਚਹਿਲ ਦੀ ਅਦਾਲਤ ਨੇ ਗੈਰ ਇਰਾਦਤਨ ਕਤਲ ਦੇ ਕੇਸ ਵਿੱਚ ਦੋਸ਼ੀ ਕਰਾਰ ਦੇ ਕੇ ਹਰਪ੍ਰੀਤ ਸਿੰਘ ਉਰਫ਼ ਪੀਤਾ ਪੁੱਤਰ ਸੁਖਵਿੰਦਰ ਸਿੰਘ ਪਿੰਡ ਰੌਲੀ, ਮਹਿਤਪੁਰ ਨੂੰ ਸੱਤ ਸਾਲ ਕੈਦ ਤੇ ਵੱਖ-ਵੱਖ ਧਾਰਾਵਾਂ ਦਾ 550 ਰੁਪਏ ਜੁਰਮਾਨਾ ਕੀਤਾ ਹੈ। <



ਵਰਨਣ ਯੋਗ ਹੈ ਕਿ 11 ਨਵੰਬਰ 2018 ਨੂੰ ਥਾਣਾ ਮਹਿਤਪੁਰ ਵਿਖੇ ਮ੍ਰਿਤਕ ਅਸ਼ੋਕ ਕੁਮਾਰ ਦੇ ਭਰਾ ਬਲਜਿੰਦਰ ਪੁੱਤਰ ਦੁਰਗਾ ਦਾਸ ਵਾਸੀ ਰੌਲੀ, ਮਹਿਤਪੁਰ ਦੀ ਸ਼ਿਕਾਇਤ ਉੱਤੇਦੋਸ਼ੀ ਹਰਪ੍ਰੀਤ ਸਿੰਘ ਉਰਫ਼ ਪੀਤਾ ਪੁੱਤਰ ਸੁਖਵਿੰਦਰ ਸਿੰਘ ਪਿੰਡ ਰੌਲੀ ਖ਼ਿਲਾਫ਼ ਕਤਲ ਤੇ ਹੋਰ ਧਾਰਾਵਾਂ ਵਿੱਚਕੇਸ ਦਰਜ ਕੀਤਾ ਗਿਆ ਸੀ, ਪਰ ਬਾਅਦ ਵਿੱਚ ਇਸ ਨੂੰ 304 ਭਾਗ ਦੋ ਵਿੱਚਪਾ ਦਿੱਤਾ ਗਿਆ ਸੀ। ਸ਼ਿਕਾਇਤ ਕਰਤਾ ਬਲਜਿੰਦਰ ਨੇ ਕਿਹਾ ਸੀ ਕਿ ਮੈਂ ਉਹ ਮਲਾਪੀਰ ਦੀ ਜਗ੍ਹਾ ਮਹੇੜੂ ਵਿਖੇ ਸੇਵਾ ਕਰਨ ਜਾਂਦਾ ਸੀ ਤੇ ਇੱਕ ਦਿਨ ਛੁੱਟੀ ਹੋਣ ਕਰਕੇ ਤਿੰਨ ਵਜੇ ਬਾਬਾ ਪੀਰ ਦੀ ਜਗ੍ਹਾ ਉੱਤੇ ਮੱਥਾ ਟੇਕਣ ਗਿਆ ਤਾਂ ਓਥੇ ਗੀਤੂ, ਪੀਤਾ ਅਤੇ ਕੀਤੂ ਆ ਗਏ ਤੇ ਉਨ੍ਹਾਂ ਨੇ ਮੈਨੂੰ ਗਾਲੀ ਗਲੌਚ ਕੀਤਾ ਅਤੇ ਮੇਰੇ ਨਾਲ ਧੱਕਾ ਮੁੱਕੀ ਕੀਤੀ। ਵਾਪਸ ਆ ਕੇ ਮੈਂ ਆਪਣੀ ਮਾਂ ਤੇ ਭਰਾ ਅਸ਼ੋਕ ਕੁਮਾਰ ਨੂੰ ਇਸ ਬਾਰੇ ਦੱਸਿਆ ਤਾਂ ਅਸੀਂ ਦੋਵੇਂ ਉਸ ਦੇ ਦਾਦੇ ਨੂੰ ਉਲਾਂਭਾ ਦੇਣ ਉਨ੍ਹਾਂ ਦੀ ਦੁਕਾਨ ਉੱਤੇ ਚਲੇ ਗਏ, ਜਿੱਥੇ ਫਿਰ ਇਹ ਤਿੰਨੇ ਜਣੇ ਮੇਰੇ ਭਰਾ ਅਸ਼ੋਕ ਨਾਲ ਖਿੱਚ ਧੂਹ ਕਰਨ ਲੱਗ ਪਏ ਤੇ ਜਦੋਂ ਅਸੀਂ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਦੇ ਧੱਕਾ ਮਾਰਨ ਉੱਤੇ ਅਸ਼ੋਕ ਸੜਕ ਉੱਤੇ ਡਿੱਗ ਪਿਆ ਤੇ ਉਸ ਦੀ ਮੌਤ ਹੋ ਗਈ। ਉਸ ਨੇ ਦੱਸਿਆ ਕਿ ਇਹ ਸਾਰੇ ਪਹਿਲਾਂ ਤੋਂ ਉਨ੍ਹਾਂ ਨਾਲ ਰੰਜਿਸ਼ ਰੱਖਦੇ ਸਨ। ਇਸ ਘਟਨਾ ਤੋਂ ਬਾਅਦ ਇਨ੍ਹਾਂ ਸਾਰਿਆਂ ਖ਼ਿਲਾਫ਼ ਇਹ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿੱਚ ਅਦਾਲਤ ਨੇ ਦੋਸ਼ੀ ਨੂੰ ਸੱਤ ਸਾਲ ਸਜ਼ਾ ਕੀਤੀ ਹੈ।

# ਸੱਪ ਦੇ ਡੰਗਣ ਨਾਲ ਪੰਜ ਸਾਲਾ ਬੱਚੀ ਦੀ ਮੌਤ



ਨੂਰਮਹਿਲ, 28 ਜੁਲਾਈ (ਪੋਸਟ ਬਿਊਰੋ)- ਪਿੰਡ ਬਾਠ ਵਿੱਚ ਪੰਜ ਸਾਲ ਦੀ ਬੱਚੀ ਦੀ ਸੱਪ ਦੇ ਡੰਗਣ ਕਾਰਨ ਮੌਤ ਹੋ ਗਈ ਹੈ। ਜਦ ਰੀਆ ਨੂੰ ਸੱਪ ਨੇ ਡੰਗਿਆ ਤਾਂ ਉਸ ਦੀ ਭੈਣ ਵੀ ਉਸ ਦੇ ਨਾਲ ਸੀ।

ਮ੍ਰਿਤਕ ਬੱਚੀ ਦੇ ਪਿਤਾ ਹਰਦੀਪ ਸਿੰਘ ਨੇ ਦੱਸਿਆ ਕਿ ਉਸ ਦੀਆਂ ਦੋ ਬੇਟੀਆਂ ਵਿੱਚੋਂ ਵੱਡੀ ਬੇਟੀ (7) ਤੇ ਛੋਟੀ ਰੀਆ (5) ਸੀ। ਬੀਤੀ ਰਾਤ ਕਰੀਬ 10.30 ਵਜੇ ਪਰਵਾਰ ਖਾਣਾ ਖਾ ਕੇ ਵਿਹੜੇ ਵਿੱਚ ਸੁੱਤਾ ਸੀ ਤਾਂ ਰੀਆ ਨੇ ਘਰ ਵਿੱਚ ਸੱਪ ਦੇਖਿਆ। ਉਹ ਜ਼ੋਰ ਨਾ ਚੀਕੀ। ਜਦ ਤਕ ਪਰਵਾਰ ਰੀਆ ਵੱਲ ਦੌੜਿਆ, ਸੱਪ ਨੇ ਉਸ ਨੂੰ ਡੰਗ ਲਿਆ। ਉਹ ਉਸ ਨੂੰ ਹਸਪਤਾਲ ਲੈ ਗਏ, ਜਿੱਥੇ ਘੰਟੇ ਬਾਅਦ ਉਸਦੀ ਮੌਤ ਹੋ ਗਈ। ਡਾਕਟਰਾਂ ਨੇ ਪਰਵਾਰ ਨੂੰ ਦੱਸਿਆ ਕਿ ਬੱਚੀ ਦੇ ਸਰੀਰ ਵਿੱਚ ਜ਼ਹਿਰ ਫੈਲ ਜਾਣ ਕਾਰਨ ਉਸ ਦੀ ਮੌਤ ਹੋ ਗਈ। ਉਸ ਦੇ ਪਿਤਾ ਦਿਹਾੜੀਦਾਰ ਹਨ।

ਇਸ ਦੌਰਾਨ ਸਿਵਲ ਹਸਪਤਾਲ ਦੇ ਡਾਕਟਰਾਂ ਦਾ ਕਹਿਣਾ ਹੈ ਕਿ ਇਨ੍ਹੀਂ ਦਿਨੀਂ ਸੱਪ ਦੇ ਡੰਗਣ ਦੇ ਕੇਸਬਰਸਾਤ ਦੇ ਸੀਜ਼ਨ ਕਾਰਨ ਵੱਧ ਰਹੇ ਹਨ। ਬਹੁਤੇ ਕੇਸ ਪੇਂਡੂ ਖੇਤਰ ਤੋਂ ਆ ਰਹੇ ਹਨ।

# ਤਿਉਣਾ ਪੁਜਾਰੀਆਂ ਵਿੱਚ ਫੱਟੀ ਮਾਰ ਕੇ ਪਤਨੀ ਤੇ ਧੀ ਦੀ ਹੱਤਿਆ

ਤਲਵੰਡੀ ਸਾਬੋ, 28 ਜੁਲਾਈ (ਪੋਸਟ ਬਿਊਰੋ)- ਪਿੰਡ ਤਿਉਣਾ ਪੁਜਾਰੀਆਂ ਵਿੱਚ ਕੱਲ੍ਹ ਇੱਕ ਆਦਮੀ ਨੇ ਫੱਟੀ ਮਾਰ ਕੇ ਆਪਣੀ ਪਤਨੀ ਅਤੇ ਛੇ ਸਾਲਾ ਦੀ ਧੀ ਦੀ ਹੱਤਿਆ ਕਰ ਦਿੱਤੀ। ਤਲਵੰਡੀ ਸਾਬੋ ਪੁਲਸ ਨੇ ਮ੍ਰਿਤਕਾ ਦੇ ਪਿਤਾ ਦੇ ਬਿਆਨਾਂ ਦੇ ਆਧਾਰ ਉੱਤੇ ਮੁਲਜ਼ਮ ਅਤੇ ਉਸ ਦੇ ਮਾਤਾ-ਪਿਤਾ ਖਿਲਾਫ ਕੇਸ ਦਰਜ ਕਰ ਲਿਆ ਹੈ।



ਮ੍ਰਿਤਕਾ ਦੇ ਪਿਤਾ ਅਜਮੇਰ ਸਿੰਘ ਵਾਸੀ ਕਰਾਈਵਾਲਾ (ਮੁਕਤਸਰ) ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਲੜਕੀ ਜਸਵੀਰ ਕੌਰ ਪਿੰਡ ਤਿਉਣਾ ਪੁਜਾਰੀਆਂ ਦੇ ਅਮਰਜੀਤ ਸਿੰਘ ਉਰਫ ਅਮਰਾ ਪੁੱਤਰ ਬਲਕੌਰ ਸਿੰਘ ਨਾਲ ਵਿਆਹੀ ਹੋਈ ਸੀ। ਉਸ ਕੋਲ ਇੱਕ ਪੁੱਤਰ ਲਖਵਿੰਦਰ ਸਿੰਘ ਅਤੇ ਇੱਕ ਧੀ ਸੁਖਪ੍ਰੀਤ ਕੌਰ ਹੈ। ਉਸ ਨੇ ਦੱਸਿਆ ਕਿ ਅਮਰਜੀਤ ਸਿੰਘ ਸ਼ਰਾਬ ਪੀਣ ਦਾ ਆਦੀ ਸੀ ਤੇ ਉਹ ਜਸਵੀਰ ਕੌਰ ਦੀ ਹਮੇਸ਼ਾ ਕੁੱਟਮਾਰ ਕਰਦਾ ਸੀ। ਉਨ੍ਹਾਂ ਦੱਸਿਆ ਕਿ ਕੱਲ੍ਹ ਜਸਵੀਰ ਨੇ ਫੋਨ ਕਰ ਕੇ ਉਸ ਨੂੰ ਕਿਹਾ ਕਿ ਅਮਰਜੀਤ ਉਸ ਨੂੰ ਕੁੱਟਦਾ ਹੈ। ਕੁਝ ਸਮੇਂ ਬਾਅਦ ਉਸ ਦੇ ਦੋਹਤੇ ਲਖਵਿੰਦਰ ਸਿੰਘ (10) ਨੇ ਫੋਨ ਕਰ ਕੇ ਦੱਸਿਆ ਕਿ ਉਸ ਦੇ ਪਿਤਾ ਨੇ ਉਸ ਦੀ ਮਾਤਾ ਜਸਵੀਰ ਕੌਰ ਨੂੰ ਫੱਟੀ ਮਾਰ ਕੇ ਮਾਰ ਦਿੱਤਾ ਹੈ। ਜਦੋਂ ਉਹ ਆਪਣੇ ਪੁੱਤਰਾਂ ਸਮੇਤ ਪਿੰਡ ਤਿਉਣਾ ਪਹੁੰਚਿਆ ਤਾਂ ਜਸਵੀਰ ਕੌਰ ਦੀ ਲਾਸ਼ ਵਿਹੜੇ ਵਿੱਚ ਪਈ ਸੀ। ਉਸ ਦੀ ਦੋਹਤੀ ਸੁਖਪ੍ਰੀਤ ਕੌਰ ਨੂੰ ਜ਼ਖਮੀ ਹਾਲਤ ਵਿੱਚ ਪਿੰਡ ਵਾਸੀਆਂ ਨੇ ਸਿਵਲ ਹਸਪਤਾਲ ਤਲਵੰਡੀ ਸਾਬੋ ਵਿੱਚ ਪੁਚਾਇਆ, ਪਰ ਉਦੋਂ ਤਕ ਉਸ ਦੀ ਵੀ ਮੌਤ ਹੋ ਗਈ।ਉਸ ਨੇ ਦੋਸ਼ ਲਾਇਆ ਕਿ ਇਸ ਵਿੱਚ ਅਮਰਜੀਤ ਸਿੰਘ ਦੇ ਮਾਤਾ ਪਿਤਾ ਦਾ ਵੀ ਹੱਥ ਹੈ। ਡੀ ਐਸ ਪੀ ਨੇ ਦੱਸਿਆ ਕਿ ਅਮਰਜੀਤ ਸਿੰਘ ਤੇ ਉਸ ਦੇ ਮਾਤਾ-ਪਿਤਾ ਉੱਤੇ ਕੇਸ ਦਰਜ ਕਰ ਲਿਆ ਹੈ।

# ਪੰਚਾਇਤੀ ਜ਼ਮੀਨ ਨੂੰ ਪਾਣੀ ਲਾਉਣ ਤੋਂ ਗੋਲੀ ਚੱਲੀ, ਕਿਸਾਨ ਦੀ ਮੌਤ

ਤਲਵੰਡੀ ਸਾਬੋ, 28 ਜੁਲਾਈ (ਪੋਸਟ ਬਿਊਰੋ)- ਸਬ-ਡਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਰਾਈਆ ਵਿਖੇ ਪੰਚਾਇਤੀ ਜ਼ਮੀਨ ਲਈ ਪਾਣੀ ਦੀ ਵਾਰੀ ਮੌਕੇ ਚੱਲੀਆਂ ਗੋਲੀਆਂ ਦੌਰਾਨ ਕੱਲ੍ਹ ਇੱਕ ਕਿਸਾਨ ਦੀ ਮੌਤ ਹੋ ਗਈ। ਮ੍ਰਿਤਕ ਕਿਸਾਨ ਦੀ ਲਾਸ਼ ਲੈ ਕੇ ਸਿਵਲ ਹਸਪਤਾਲ ਪੁੱਜੇ ਖੁਸ਼ਦੀਪ ਸਿੰਘ ਦੇ ਅਨੁਸਾਰ ਹਰਿਆਣਾ ਨਾਲ ਦੇ ਪਿੰਡ ਰਾਈਆ ਵਿੱਚ ਪੰਚਾਇਤੀ ਜ਼ਮੀਨ ਬੀਤੇ ਦਿਨੀਂ ਬੋਲੀ ਰਾਹੀਂ ਅਸੀਂ ਠੇਕੇ ਉੱਤੇ ਲਈ ਸੀ।ਉਸ ਜ਼ਮੀਨ ਨੂੰ ਪਾਣੀ ਦੀ ਵਾਰੀ ਲਾਉਣ ਜਦੋਂ ਅਸੀਂ ਉਥੇ ਪੁੱਜੇ ਤਾਂ ਪਿੰਡ ਦੇ ਸਾਬਕਾ ਸਰਪੰਚ ਅੰਮ੍ਰਿਤਪਾਲ ਸਿੰਘ ਤੇ ਕ੍ਰਿਪਾਲ ਸਿੰਘ ਉਥੇ ਪੁੱਜ ਗਏ ਅਤੇ ਸਾਨੂੰ ਪਾਣੀ ਨਾ ਵੱਢਣ ਦੀ ਚਿਤਾਵਨੀ ਦੇਣ ਲੱਗੇ।ਇਸੇ ਦੌਰਾਨ ਤਕਰਾਰ ਵਿੱਚ ਉਕਤ ਧਿਰ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਨੌਜਵਾਨ ਕਿਸਾਨ ਭੁੱਚਰ ਸਿੰਘ (25) ਦੇ ਦੋ ਗੋਲੀਆਂ ਲੱਗੀਆਂ। ਉਸ ਨੂੰ ਤਲਵੰਡੀ ਸਾਬੋ ਸ਼ਹੀਦ ਬਾਬਾ ਦੀਪ ਸਿੰਘ ਸਿਵਲ ਹਸਤਾਲ ਵਿੱਚ ਲਿਆਂਦਾ ਤਾਂ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਖੁਸ਼ਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਉਕਤ ਵਿਵਾਦ ਬਾਰੇ ਪਹਿਲਾਂ ਹੀ ਪੁਲਸ ਕੋਲ ਸ਼ੱਕ ਪ੍ਰਗਟ ਕਰਦੇ ਹੋਏ ਦੱਸਿਆ ਸੀ ਕਿ ਦੂਜੀ ਧਿਰ ਦੇ ਵਿਅਕਤੀ ਅਸਲੇ ਸਮੇਤ ਪਿੰਡ ਵਿੱਚ ਘੁੰਮਦੇ ਹਨ, ਪਰ ਪੁਲਸ ਨੇ ਕਰਵਾਈ ਨਹੀਂ ਕੀਤੀ, ਜਿਸ ਕਾਰਨ ਕੱਲ੍ਹ ਇਹ ਦੁਖਦਾਈ ਘਟਨਾ ਵਾਪਰ ਗਈ।



# ਜੇ ਈ 10,000 ਰੁਪਏ ਵੱਢੀ ਲੈਂਦਾ ਕਾਬੂ

ਚੰਡੀਗੜ੍ਹ, 28 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਨੇ ਕੱਲ੍ਹ ਪੀ ਐਸ ਪੀ ਸੀ ਐਲ ਅਲਾਵਲਪੁਰਾ, ਜਲੰਧਰ ਦੇ ਜੂਨੀਅਰ ਇੰਜੀਨੀਅਰ ਸ਼ਾਮ ਸਿੰਘ ਨੂੰ ਬਿਜਲੀ ਦਾ ਟਰਾਂਸਫ਼ਾਰਮਰ ਲਾਉਣ ਲਈ 10,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਉਸ ਉੱਤੇ ਕੇਸ ਦਰਜ ਕਰ ਦਿੱਤਾ ਹੈ। ਇਸ ਬਾਰੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਤਰਲੋਚਨ ਸਿੰਘ ਪਿੰਡ ਸਰਮਸਤਪੁਰ, ਜ਼ਿਲ੍ਹਾ ਜਲੰਧਰ ਦੀ ਸ਼ਿਕਾਇਤ ਉੱਤੇਦੋਸ਼ੀ ਸ਼ਾਮ ਸਿੰਘ ਜੇ ਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਸੀ ਕਿ ਉਹ ਛੋਟਾ ਕਿਸਾਨ ਹੈ ਅਤੇ ਉਸ ਨੇ ਆਪਣੇ ਟਿਊਬਵੈਲ ਲਈ ਨਿੱਜੀ ਟਰਾਂਸਫ਼ਾਰਮਰ ਲਈ ਅਰਜ਼ੀ ਦਿੱਤੀ ਹੋਈ ਹੈ। ਉਸ ਦੱਸਿਆ ਕਿ ਪੀ ਐਸ ਪੀ ਸੀ ਐਲ ਵੱਲੋਂ ਉਸ ਨੂੰ ਟਰਾਂਸਫਾਰਮਰ ਲਾਉਣ ਦਾ ਦਿੱਤਾ ਕੰਮ ਪੂਰਾ ਹੋ ਚੁੱਕਾ ਹੈ, ਪਰ ਜੇ ਈ ਨੇ 15,000 ਰੁਪਏ ਰਿਸ਼ਵਤ ਮੰਗੀ ਹੈ ਅਤੇ ਸੌਦਾ 10,000 ਰੁਪਏ ਵਿੱਚ ਹੋਇਆ ਹੈ।ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਜਾਂਚ ਪਿੱਛੋਂ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ ਅਤੇ ਦੋਸ਼ੀ ਨੂੰ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਮੌਕੇ ਉੱਤੇ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਥਾਣਾ ਵਿਜੀਲੈਂਸ ਬਿਊਰੋ ਜਲੰਧਰ ਵਿਖੇ ਕੇਸ ਦਰਜ ਕਰ ਲਿਆ ਅਤੇ ਅਗਲੀ ਕਾਰਵਾਈ ਜਾਰੀ ਹੈ।

# ਗਾਇਕ ਬਲਵਿੰਦਰ ਸਫ਼ਰੀ ਸਾਹਾਂ ਦਾ ਸਫ਼ਰ ਮੁਕਾ ਕੇ ਜਹਾਨੋਂ ਰੁਖ਼ਸਤ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਯੂਕੇ ਦੀ ਧਰਤੀ ਬਰਮਿੰਘਮ ਤੋਂ 1980 ਦੇ ਲਗਭਗ ਇੱਕ ਆਵਾਜ ਦਾ ਆਗਮਨ ਹੋਇਆ ਸੀ, ਜਿਸਨੇ ਢੋਲ ਢਮੱਕੇ ਵਾਲੀ ਗਾਇਕੀ ਨੂੰ ਇੱਕ ਨਵਾਂ ਮੁਹਾਂਦਰਾ ਦਿੱਤਾ ਸੀ। ਹਰ ਸਾਹ ਨਾਲ ਸੰਗੀਤ ਨੂੰ ਪ੍ਰਣਾਇਆ ਬੀਬਾ ਗਾਇਕ ਬਲਵਿੰਦਰ ਸਿੰਘ ਸਫਰੀ 63 ਸਾਲ ਦੀ ਉਮਰ 'ਚ ਆਪਣਾ ਸਾਹਾਂ ਦਾ ਸਫਰ ਮੁਕਾ ਗਿਆ। ਜ਼ਿਕਰਯੋਗ ਹੈ ਕਿ ਬਲਵਿੰਦਰ ਸਫਰੀ 1990 ਵਿੱਚ ਸਫਰੀ ਬੁਆਏਜ਼ ਸੰਗੀਤ ਗਰੁੱਪ ਨਾਲ ਚਰਚਾ ਵਿੱਚ ਆਏ ਤੇ ਉਹਨਾਂ ਮੁੜ ਕੇ ਪਿਛਾਂਹ ਨਹੀਂ ਦੇਖਿਆ। ਉਹ ਪਿਛਲੇ ਲੰਮੇ ਸਮੇਂ ਤੋਂ ਕੋਮਾ ਵਿੱਚ ਸਨ। ਅਪ੍ਰੈਲ ਮਹੀਨੇ ਉਹਨਾਂ ਦਾ ਦਿਲ ਦਾ ਸਫ਼ਲ ਆਪ੍ਰੇਸ਼ਨ ਵੀ ਹੋਇਆ ਸੀ। ਬੀਤੇ ਦਿਨੀਂ ਉਹ ਕੋਮਾ ਵਿੱਚੋਂ ਬਾਹਰ ਆਏ ਸਨ ਤੇ ਅੱਜ ਸਾਹਾਂ ਦਾ ਪੰਧ ਮੁਕਾ ਕੇ ਜਹਾਨੋਂ ਰੁਖ਼ਸਤ ਹੋ ਗਏ। ਉਹਨਾਂ ਦੇ ਅਕਾਲ ਚਲਾਣੇ 'ਤੇ ਸੋਸ਼ਲ ਮੀਡੀਆ 'ਤੇ ਤਾਂ ਸੋਗ ਦੀ ਲਹਿਰ ਫੈਲੀ ਹੀ ਹੋਈ ਹੈ ਸਗੋਂ ਅੰਗਰੇਜੀ ਮੀਡੀਆ ਦਾ ਵੀ ਅਦਾਰਾ ਅਜਿਹਾ ਨਹੀਂ ਹੋਵੇਗਾ ਜਿਸਨੇ ਉਹਨਾਂ ਦੇ ਵਿਛੋੜੇ ਨੂੰ ਖਬਰ ਵਜੋਂ ਨਸ਼ਰ ਨਾ ਕੀਤਾ ਹੋਵੇ। ਸੰਗੀਤ ਨੂੰ ਪਿਆਰਨ ਵਾਲੇ ਲੋਕਾਂ ਵੱਲੋਂ ਬਲਵਿੰਦਰ ਸਫਰੀ ਜੀ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ।



# ਤੇਜ਼ ਰਫ਼ਤਾਰ ਕਾਰ ਦੀ ਲਪੇਟ ਆਣ ਕੇ ਲੜਕੀ ਦੀ ਮੌਤ

ਮੋਗਾ, 28 ਜੁਲਾਈ (ਪੋਸਟ ਬਿਊਰੋ)- ਪਿੰਡ ਫਤਿਹਗੜ੍ਹ ਕੋਰੋਟਾਣਾ ਵਿਖੇ ਕੱਲ੍ਹ ਦੁਪਹਿਰੇ ਹਾਈਰੋਡ ਕਰਾਸ ਕਰਦੀ ਇੱਕ ਲੜਕੀ ਨੂੰ ਤੇਜ਼ ਰਫ਼ਤਾਰ ਕਾਰ ਨੇ ਆਪਣੀ ਲਪੇਟ ਵਿੱਚ ਲੈ ਲਿਆ ਤਾਂ ਲੜਕੀ ਦੀ ਮੌਤ ਹੋ ਗਈ। ਮ੍ਰਿਤਕਾ ਹਰਜਿੰਦਰ ਕੌਰ ਪੁੱਤਰੀ ਪਰਮਜੀਤ ਸਿੰਘ ਪਿੰਡ ਭਿੰਡਰ ਖੁਰਦ ਦੇ ਤਾਇਆ ਆਤਮਾ ਸਿੰਘ ਨੇ ਦੱਸਿਆ ਕਿ ਉਹ ਕੱਲ੍ਹ ਆਪਣੀ ਭਤੀਜੀ ਹਰਜਿੰਦਰ ਕੌਰ ਤੇ ਉਸਦੀ ਮਾਤਾ ਕੁਲਦੀਪ ਕੋਰ ਨੂੰ ਆਪਣੇ ਮੋਟਰਸਾਈਕਲ 'ਤੇ ਪਿੰਡ ਤੋਂ ਮੋਗੇ ਨੂੰ ਜਾ ਰਹੇ ਸੀ, ਜਦ ਉਹ ਪਿੰਡ ਫਤਿਹਗੜ੍ਹ ਕੋਰੋਟਾਣਾ ਪੁਜੇ ਤਾਂ ਉਸ ਨੇ ਆਪਣੇ ਮੋਟਰਸਾਈਕਲ ਵਿੱਚ ਤੇਲ ਪਵਾਉਣ ਲਈ ਇੱਕ ਪੈਟਰੋਲ ਪੰਪ ਤੇ ਮੋਟਰਸਾਈਕਲ ਰੋਕਣ ਲਈ ਹੌਲੀ ਕੀਤਾ। ਇਸ ਦੌਰਾਨ ਉਸ ਦੇ ਮੋਟਰਸਾਈਕਲ ਉਤੇ ਬੈਠੀ ਹਰਜਿੰਦਰ ਤੇ ਉਸ ਦੀ ਮਾਤਾ ਕੁਲਦੀਪ ਉਤਰ ਗਈਆਂ ਤਾਂ ਲੜਕੀ ਪੇਸ਼ਾਬ ਕਰਨ ਲਈ ਦੂਰ ਝਾੜੀਆਂ ਵਿੱਚ ਚਲੀ ਗਈ। ਜਦ ਉਹ ਵਾਪਸ ਹਾਈਵੇ ਉਤੇ ਆਈ ਜਲੰਧਰ ਸਾਈਡ ਤੋਂ ਆਈ ਤੇਜ਼ ਰਫ਼ਤਾਰ ਕਾਰ ਨੇ ਹਰਜਿੰਦਰ ਕੌਰ ਨੂੰ ਜੋਰਦਾਰ ਟੱਕਰਮਾਰ ਦਿੱਤੀ। ਇਸ ਘਟਨਾ ਵਿੱਚ ਹਰਜਿੰਦਰ ਕੌਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ। ਜਿਸ ਨੂੰ ਮੋਗੇ ਦੇ ਪ੍ਰਾਈਵੇਟ ਹਸਪਤਾਲ ਵਿਖੇ ਲੈ ਆਂਦਾ ਇੱਥੇ ਡਾਕਟਰ ਵੱਲੋਂ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

# ਪਾਕਿ ਡਰੋਨ ਨੇ ਸਰਹੱਦੀ ਸਕੂਲ ਵਿੱਚ ਪੰਜ ਕਿਲੋ ਹੈਰੋਇਨ ਸੁੱਟੀ

ਅੰਮ੍ਰਿਤਸਰ, 28 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨੀ ਡਰੋਨ ਨੇ ਭਾਰਤੀ ਖੇਤਰ ਦੇ ਤਿੰਨ ਕਿਲੋਮੀਟਰ ਖੇਤਰ ਅੰਦਰ ਨੇਸ਼ਟਾ ਪਿੰਡ ਦੇ ਡੀ ਏ ਵੀ ਪਬਲਿਕ ਸਕੂਲ ਦੇ ਮੈਦਾਨ ਵਿੱਚ ਕੱਲ੍ਹ ਰਾਤ ਹੈਰੋਇਨ ਦੀ ਖੇਪ ਸੁੱਟੀ ਤਾਂ ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਇਸ ਨੂੰ ਕਬਜ਼ੇ ਵਿੱਚ ਲੈ ਲਿਆ। ਪੁਲਸ ਨੇ ਕੁੱਲ ਪੰਜ ਕਿਲੋ ਹੈਰੋਇਨ ਬਰਾਮਦ ਕੀਤੀ ਅਤੇ ਚਾਰ ਅਣਪਛਾਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ। ਕੱਲ੍ਹ ਸਵੇਰੇ ਜਦ ਸਕੂਲ ਪ੍ਰਬੰਧਕ ਗਰਾਊਂਡ ਵਿੱਚ ਪਹੁੰਚੇ ਤਾਂ ਉਨ੍ਹਾਂ ਨੂੰ ਉਥੇ ਇੱਕ ਲਾਵਾਰਸ ਲਿਫਾਫਾ ਪਿਆ ਮਿਲਿਆ। ਸ਼ੱਕ ਹੋਣ ਉੱਤੇ ਉਨ੍ਹਾ ਨੇ ਇਸ ਬਾਰੇ ਪੁਲਸ ਨੂੰ ਦੱਸਿਆ ਤਾਂ ਪੁਲਸ ਨੇ ਓਥੇ ਜਾ ਕੇ ਲਿਫਾਫਾ ਖੋਲ੍ਹਿਆ ਤਾਂ ਉਸ ਵਿੱਚੋਂ ਪੰਜ ਕਿਲੋ ਹੈਰੋਇਨ ਮਿਲੀ। ਜਾਂਚ ਵਿੱਚ ਸਾਹਮਣੇ ਆਇਆ ਕਿ ਰਾਤ ਲਗਭਗ ਡੇਢ ਵਜੇ ਪਾਕਿਸਤਾਨ ਵੱਲੋਂ ਡਰੋਨ ਨੇ ਨੇਸ਼ਟਾ ਪਿੰਡ ਵਿਚਲੇ ਡੀ ਏ ਵੀ ਸਕੂਲ ਦੇ ਮੈਦਾਨ ਵਿੱਚ ਇਹ ਖੇਪ ਸੁੱਟੀ ਸੀ। ਜਾਣਕਾਰ ਸੂਤਰ ਦੱਸਦੇ ਹਨ ਕਿ ਪੁਲਸ ਨੂੰ ਗੁਪਤ ਸੂਚਨਾ ਸੀ ਕਿ ਕੱਲ੍ਹ ਰਾਤ ਪਾਕਿਸਤਾਨੀ ਤਸਕਰ ਭਾਰਤੀ ਸੀਮਾ ਵਿੱਚ ਹੈਰੋਇਨ ਦੀ ਖੇਪ ਸਪਲਾਈ ਕਰਨ ਵਾਲੇ ਹਨ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



## ਐਚ ਸੀ ਐਲ ਟੈਕ ਕੰਪਨੀ ਦੀ ਰੌਸ਼ਨੀ ਨਾਡਰ ਭਾਰਤ ਵਿਚਲੀ ਸਭ ਤੋਂ ਅਮੀਰ ਔਰਤ



ਨਵੀਂ ਦਿੱਲੀ, 28 ਜੁਲਾਈ (ਪੋਸਟ ਬਿਊਰੋ)- ਐਚ ਸੀ ਐਲ ਤਕਨਾਲੋਜੀਜ਼ ਕੰਪਨੀ ਦੀ ਚੇਅਰਪਰਸਨ ਰੌਸ਼ਨੀ ਨਾਡਰ ਮਲਹੋਤਰਾ 84,330 ਕਰੋੜ ਰੁਪਏ ਦੀ ਜਾਇਦਾਦ ਨਾਲ ਭਾਰਤ ਦੀ ਸਭ ਤੋਂ ਅਮੀਰ ਔਰਤ ਹੈ।

31 ਦਸੰਬਰ 2021 ਨੂੰ ਔਰਤਾਂ ਦੀ ਨੈਟ ਵਰਥ ਮੁਤਾਬਕਬਣਾਈ 'ਕੋਟਕ ਪ੍ਰਾਈਵੇਟ ਬੈਂਕਿੰਗ ਹੁਰੂਨ-ਲੀਡਿੰਗ ਵੈਲਥ ਵੂਮੈਨ ਲਿਸਟ' ਦੇ ਤੀਜੇ ਐਡੀਸ਼ਨ ਮੁਤਾਬਕ ਉਨ੍ਹਾਂ ਨੂੰ ਲਗਾਤਾਰ ਦੂਜੇ ਸਾਲ ਇਸ ਪੋਜੀਸ਼ਨ ਉੱਤੇ ਰੱਖਿਆ ਗਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬਾਇਓਕਾਨ ਦੀ ਕਿਰਨ ਮਜ਼ੂਮਦਾਰ-ਸ਼ਾ ਨੂੰ ਪਿੱਛੇ ਛੱਡ ਕੇ ਨਾਇਕ ਦੀ ਫਾਲਗੁਨੀ ਨਾਇਰ 57,520 ਕਰੋੜ ਰੁਪਏ ਦੀ ਜਾਇਦਾਦ ਨਾਲ ਭਾਰਤ ਦੀ ਸਭ ਤੋਂ ਅਮੀਰ ਸੈਲਫ-ਮੇਡ ਔਰਤ ਬਣੀ ਹੈ। ਇੱਕ ਰਿਪੋਰਟ ਮੁਤਾਬਕ ਭਾਰਤ ਦੀਆਂ ਸਭ ਤੋਂ ਅਮੀਰ ਔਰਤਾਂ ਦੇ 2021 ਦੇ ਐਡੀਸ਼ਨ ਵਿੱਚ ਉਨ੍ਹਾਂ ਔਰਤਾਂ ਉੱਤੇਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਜਿਨ੍ਹਾਂ ਨੇ ਖ਼ੁਦ ਨੂੰ ਕਾਰ-ਪੋਰੇਟ ਜਗਤ ਦੇ ਉਚ ਅਹੁਦੇ ਦੇ ਲਿਆਂਦਾ ਹੈ। 25 ਨਵੇਂ ਚਿਹਰਿਆਂ ਨੇ ਇਸ ਸੂਚੀ ਵਿੱਚ ਥਾਂ ਬਣਾਈ ਹੈ, ਜਿਸ ਨੇ 2020 ਵਿੱਚ 100 ਕਰੋੜ ਰੁਪਏ ਦੇ ਮੁਕਾਬਲੇ 2021 ਵਿੱਚ ਕਟ-ਆਫ ਦੇ ਤੌਰ ਉੱਤੇ 300 ਕਰੋੜ ਰੁਪਏ ਲਏ ਹਨ।ਅਮੀਰ ਔਰਤਾਂ ਦੇ ਖੇਤਰਾਂ ਦਾ ਵਿਸ਼ਲੇਸ਼ਣ ਮੁਤਾਬਕ ਫਾਰਮਾਸਿਊਟੀਕਲਸ ਨਾਲ 12 ਔਰਤਾਂ ਜੁੜੀਆਂ ਹਨ। ਇਸ ਤੋਂ ਬਾਅਦ 11 ਦਾ ਸਬੰਧ ਹੈਲਥ ਕੇਅਰ ਅਤੇ 9 ਔਰਤਾਂ ਦਾ ਲਿੰਕ ਖਪਤਕਾਰ ਸਮਗਰੀ ਦੇ ਨਾਲ ਹੈ। ਲੋਕੇਸ਼ਨ ਦੇ ਆਧਾਰ ਉੱਤੇ 25 ਮਹਿਲਾ ਉਦਮੀ ਦਿੱਲੀ-ਐਨ ਸੀ ਆਰ ਵਿੱਚ ਹਨ।

ਇਸ ਦੌਰਾਨ ਦਿੱਲੀ-ਐਨ ਸੀ ਆਰ ਨੇ ਰਿਹਾਇਸ਼ ਦੇ ਪਸੰਦੀਦਾ ਸ਼ਹਿਰ ਵਜੋਂ ਮੁੰਬਈ ਨੂੰ ਪਿੱਛੇ ਛੱਡ ਦਿੱਤਾ ਹੈ। ਰਿਪੋਰਟ ਵਿੱਚ ਇਸਦਾ ਜ਼ਿਕਰ ਮੁੱਖ ਤੌਰ ਉੱਤੇ ਹੈ ਕਿ 2021 ਵਿੱਚ ਔਰਤਾਂ ਦੀ ਔਸਤ ਜਾਇਦਾਦ ਵਧਕੇ 4,170 ਕਰੋੜ ਰੁਪਏ ਹੋ ਗਈ ਹੈ। ਪਿਛਲੇ ਐਡੀਸ਼ਨ ਵਿੱਚ ਇਹ 2,725 ਕਰੋੜ ਰੁਪਏ ਸੀ। ਇਸ ਤੋਂ ਇਲਾਵਾ ਜੇਟਸੇਟਗੋ ਦੀ 33 ਸਾਲਾਂ ਕਨਿਕਾ ਟੇਕਰੀਵਾਲ ਲਿਸਟ ਵਿੱਚ ਸਭ ਤੋਂ ਘੱਟ ਉਮਰ ਦੀ ਸੈਲਫ ਮੇਡ ਅਮੀਰ ਔਰਤ ਹੈ। ਇਨ੍ਹਾਂ ਔਰਤਾਂ ਦੀ ਉਮਰ ਬਾਰੇ ਰਿਪੋਰਟ ਕਹਿੰਦੀ ਹੈ ਕਿ ਸੂਚੀ ਵਿੱਚ ਔਰਤਾਂ ਦੀ ਮੌਜੂਦਾ ਔਸਤ ਉਮਰ ਪਿਛਲੀ ਸੂਚੀ ਦੀ ਤੁਲਨਾ ਵਿੱਚ 55 ਸਾਲ ਤਕ ਵੱਧ ਗਈ ਹੈ। 40 ਸਾਲ ਜਾਂ ਉਸ ਤੋਂ ਘੱਟ ਉਮਰ ਦੀਆਂ 20 ਵਿੱਚੋਂ 9 ਔਰਤਾਂ ਸੈਲਫ-ਮੇਡ ਹਨ।

## ਭਾਜਪਾ ਯੂਥ ਆਗੂ ਦੀ ਹੱਤਿਆ ਮਗਰੋਂ ਕਰਨਾਟਕ ਵਿੱਚ ਤਣਾਅ

*** ਸੰਘ ਪਰਿਵਾਰ ਵੱਲੋਂ ਦਿੱਤੇ ਬੰਦ ਦੇ ਸੱਦੇ ਦੌਰਾਨ ਕਈ ਥਾਈਂ ਹਿੰਸਾ**



ਮੰਗਲੂਰੂ, 28 ਜੁਲਾਈ (ਪੋਸਟ ਬਿਊਰੋ)- ਭਾਜਪਾ ਯੁਵਾ ਮੋਰਚਾ ਮੈਂਬਰ ਪ੍ਰਵੀਨ ਨੇਟਾਰ ਦੇ ਕਤਲ ਪਿੱਛੋਂ ਦੱਖਣੀ ਕੰਨੜ ਜ਼ਿਲ੍ਹੇ ਵਿੱਚ ਕਈ ਥਾਈਂ ਤਣਾਅ ਦਾ ਮਾਹੌਲ ਬਣਿਆ ਹੋਇਆ ਹੈ। ਹੱਤਿਆ ਦੇ ਵਿਰੋਧ ਵਿੱਚ ਦਿੱਤੇ ਬੰਦ ਦੇ ਸੱਦੇ ਦੌਰਾਨ ਕਈ ਥਾਈਂ ਪਥਰਾਅ ਅਤੇ ਪੁਲਸ ਲਾਠੀਚਾਰਜ ਦੀਆਂ ਘਟਨਾਵਾਂ ਵਾਪਰੀਆਂ ਹਨ। ਸੰਘ ਪਰਵਾਰ ਨੇ ਇਸ ਮਾਮਲੇ ਵਿੱਚ ਪੁਤੂਰ, ਕਦਾਬਾ ਤੇ ਸੂਲੀਆ ਵਿੱਚ ਬੰਦ ਦਾ ਸੱਦਾ ਦਿੱਤਾ ਹੋਇਆ ਸੀ।

ਵਰਨਣ ਯੋਗ ਹੈ ਕਿ ਮੰਗਲਵਾਰ ਰਾਤ ਮੋਟਰ ਸਾਈਕਲ ਉੱਤੇ ਆਏ ਤਿੰਨ ਜਣਿਆਂ ਨੇ ਬੇਲਾਰੇ ਵਿੱਚਪ੍ਰਵੀਨ ਦੀ ਉਸ ਦੀ ਦੁਕਾਨ ਦੇ ਬਾਹਰ ਹੱਤਿਆ ਕਰ ਦਿੱਤੀ ਸੀ। ਪੁਲਸ ਮੁਤਾਬਕ ਪ੍ਰਵੀਨ ਜਦੋਂ ਆਪਣੀ ਦੁਕਾਨ ਬੰਦ ਕਰ ਕੇ ਘਰ ਜਾ ਰਿਹਾ ਸੀ ਤਾਂ ਉਸ ਉੱਤੇ ਹਮਲਾ ਹੋਇਆ। ਉਸ ਨੇ ਭੱਜ ਕੇ ਬਚਣ ਦੀ ਕੋਸ਼ਿਸ਼ ਕੀਤੀ, ਪਰ ਸਿਰ ਵਿੱਚ ਸੱਟ ਵੱਜਣ ਕਾਰਨ ਡਿੱਗ ਗਿਆ। ਸਥਾਨਕ ਲੋਕਾਂ ਨੇ ਪੁਲਸ ਨੂੰ ਹਮਲੇ ਦੀ ਜਾਣਕਾਰੀ ਦਿੱਤੀ। ਪੁਲਸ ਉਸ ਨੂੰ ਹਸਪਤਾਲ ਲੈ ਕੇ ਗਈ, ਪਰ ਉਹ ਰਾਹ ਵਿੱਚ ਦਮ ਤੋੜ ਗਿਆ। ਬੰਦ ਦੌਰਾਨ ਕੁਝ ਥਾਵਾਂ ਉੱਤੇ ਸਰਕਾਰੀ ਬੱਸਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਪੁਤੂਰ ਤੋਂ ਮੰਗਲੂਰੂ ਜਾ ਰਹੀ ਬੱਸ ਪਥਰਾਅ ਕਾਰਨ ਨੁਕਸਾਨੀ ਗਈ। ਇਸ ਦੌਰਾਨ ਭਾਜਪਾ ਵਰਕਰ ਦੀ ਦੇਹ ਨੂੰ ਸੰਘ ਵਰਕਰਾਂ ਵੱਲੋਂ ਉਸ ਦੇ ਪਿੰਡ ਨੇਟਾਰੂ ਲਿਜਾਇਆ ਗਿਆ, ਜਿੱਥੇ ਉਸ ਦਾ ਸਸਕਾਰ ਕਰ ਦਿੱਤਾ ਗਿਆ।

ਬੇਲਾਰੇ ਵਿੱਚ ਵੱਖ-ਵੱਖ ਹਿੰਦੂ ਜਥੇਬੰਦੀਆਂ ਦੇ ਸੈਂਕੜੇ ਵਰਕਰ ਇਕੱਠੇ ਹੋਏ ਤੇ ਉਨ੍ਹਾਂ ਇਨਸਾਫ ਦੀ ਮੰਗ ਲਈ ਨਾਅਰੇਬਾਜ਼ੀ ਕੀਤੀ। ਹੱਤਿਆ ਤੋਂ ਬਾਅਦ ਸੰਵੇਦਨਸ਼ੀਲ ਜ਼ਿਲ੍ਹੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਅਤੇ ਪੁਲਸ ਨੇ ਦੋਸ਼ੀਆਂ ਨੂੰ ਫੜਨ ਲਈ ਚਾਰ ਟੀਮਾਂ ਬਣਾਈਆਂ ਹਨ। ਮੁੱਖ ਮੰਤਰੀ ਬਾਸਵਰਾਜ ਬੋਮਈ ਨੇ ਕਤਲ ਦੀ ਨਿੰਦਾ ਕਰਦਿਆਂ ਭਰੋਸਾ ਦਿੱਤਾ ਹੈ ਕਿ ਦੋਸ਼ੀਆਂ ਨੂੰ ਛੇਤੀ ਗ੍ਰਿਫਤਾਰ ਕਰ ਲਿਆ ਜਾਵੇਗਾ ਅਤੇ ਕਾਨੂੰਨ ਮੁਤਾਬਕ ਸਜ਼ਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਘਟਨਾ ਕੇਰਲਾ ਸਰਹੱਦ ਨਾਲ ਦੇ ਇਲਾਕੇ ਵਿੱਚ ਹੋਈ ਅਤੇ ਕਰਨਾਟਕ ਪੁਲਸ ਉਸ ਸੂਬੇ ਦੀ ਪੁਲਸ ਦੇ ਸੰਪਰਕ ਵਿੱਚ ਹੈ। ਗ੍ਰਹਿ ਮੰਤਰੀ ਅਰਗਾ ਗਿਆਨੇਂਦਰ ਨੇ ਕਿਹਾ ਕਿ ਮੁੱਖ ਮੰਤਰੀ ਨਾਲ ਸਲਾਹ ਪਿੱਛੋਂ ਪੁਲਸ ਨੂੰ ਜ਼ਰੂਰੀ ਹਿਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ।

## ਗੁਜਰਾਤ 'ਚ ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ ਦੀ ਗਿਣਤੀ ਚਾਲੀ ਹੋਈ

*** 50 ਵਿਅਕਤੀ ਅਜੇ ਵੀ ਹਸਪਤਾਲਾਂ ਵਿੱਚ ਦਾਖਲ**

ਅਹਿਮਦਾਬਾਦ, 28 ਜੁਲਾਈ (ਪੋਸਟ ਬਿਊਰੋ)- ਗੁਜਰਾਤ ਦੇ ਬੋਟਾਦ ਜ਼ਿਲ੍ਹੇ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਚਾਲੀ ਤੱਕ ਹੋ ਚੁੱਕੀ ਹੈ। ਇਨ੍ਹਾਂ ਵਿੱਚੋਂ ਸੱਤ ਮੌਤਾਂ ਬੀਤੇ 12 ਘੰਟਿਆਂ ਵਿੱਚ ਹੋਈਆਂ ਹਨ। ਪੰਜਾਹ ਲੋਕ ਅਜੇ ਵੀ ਵੱਖ-ਵੱਖ ਹਸਪਤਾਲਾਂ ਵਿੱਚ ਹਨ। ਇਸ ਬਾਰੇ ਘੱਟੋ ਘੱਟ 10 ਜਣੇ ਗ੍ਰਿਫਤਾਰ ਕੀਤੇ ਗਏ ਹਨ।

ਬੋਟਾਦ ਪੁਲਸ ਕੰਟਰੋਲ ਰੂਮ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕਾਂ ਵਿੱਚੋਂ 31 ਜਣੇ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਨਾਲ ਸਬੰਧਤ ਸਨ, ਜਦ ਕਿ ਨੌਂ ਵਿਅਕਤੀ ਅਹਿਮਦਾਬਾਦ ਜ਼ਿਲ੍ਹੇ ਦੀ ਧੰਧੁਕਾ ਤਹਿਸੀਲ ਦੇ ਵਾਸੀਸਨ। ਇਸ ਤੋਂ ਇਲਾਵਾ ਕਰੀਬ ਪੰਜਾਹ ਜਣੇ ਅਜੇ ਵੀ ਭਾਵਨਗਰ, ਬੋਟਾਦ ਤੇ ਅਹਿਮਦਾਬਾਦ ਦੇ ਹਸਪਤਾਲਾਂ ਵਿੱਚ ਦਾਖਲ ਹਨ। ਬੋਟਾਦ ਤੇ ਅਹਿਮਦਾਬਾਦ ਪੁਲਸ ਨੇ ਕੱਲ੍ਹ ਕਰੀਬ ਵੀਹ ਜਣਿਆਂ ਖਿਲਾਫ ਤਿੰਨ ਕੇਸ ਦਰਜ ਕੀਤੇ ਸਨ ਅਤੇ ਮੁਲਜ਼ਮਾਂ ਵਿੱਚੋਂ ਘੱਟੋ ਘੱਟ 10 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵਡੋਦਰਾ ਦਿਹਾਤੀ ਪੁਲਸ ਨੇ ਕੱਲ੍ਹ ਬਟੋਦਾ ਵਿੱਚ ਬਰਵਾਲਾ ਪੁਲਸ ਵੱਲੋਂ ਦਰਜ ਕੇਸ ਦੇ ਦੋਸ਼ੀ ਵਜੋਂ ਨਾਮਜ਼ਦ ਜਤੁਭਾ ਰਾਠੌੜ ਨੂੰ ਗ੍ਰਿਫਤਾਰ ਕਰ ਲਿਆ, ਜੋ ਘਟਨਾ ਦੇ ਬਾਅਦ ਫਰਾਰ ਸੀ।

ਇੱਕ ਸਰਕਾਰੀ ਬਿਆਨ ਅਨੁਸਾਰ ਗੁਜਰਾਤ ਦੇ ਗ੍ਰਹਿ ਵਿਭਾਗ ਨੇ ਕੇਸ ਦੀ ਜਾਂਚ ਲਈ ਸੀਨੀਅਰ ਆਈ ਪੀ ਐਸ ਅਧਿਕਾਰੀ ਸੁਭਾਸ਼ ਤਿਵੇਦੀ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਬਣਾਈ ਹੈ, ਜੋ ਘਟਨਾ ਦੀ ਪੂਰੀ ਜਾਂਚ ਕਰੇਗੀ ਅਤੇ ਤਿੰਨ ਦਿਨਾਂ ਦੇ ਅੰਦਰ ਆਪਣੀ ਰਿਪੋਰਟ ਦੇਵੇਗੀ। ਅਜੇ ਤਕ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਜਯੇਸ਼ ਉਰਫ ਰਾਜੂ ਨਾਂਅ ਦੇ ਵਿਅਕਤੀ ਨੇ ਅਹਿਮਦਾਬਾਦ ਦੇ ਇੱਕ ਗੋਦਾਮ ਤੋਂ 600 ਲੀਟਰ ਮਿਥਾਈਲ ਅਲਕੋਹਲ ਚੋਰੀ ਕੀਤਾ ਸੀ। ਰਾਜੂ ਉਸ ਗੋਦਾਮ ਵਿੱਚ ਮੈਨੇਜਰ ਸੀ। ਉਸ ਨੇ ਚੋਰੀ ਕੀਤਾ ਮਿਥਾਈਲ ਅਲਕੋਹਲ ਬੋਟਾਦ ਵਿੱਚ ਰਹਿੰਦੇ ਆਪਣੇ ਇੱਕ ਰਿਸ਼ਤੇਦਾਰ ਭਰਾ ਸੰਜੇ ਨੂੰ 24 ਜੁਲਾਈ ਨੂੰ ਚਾਲੀ ਹਜ਼ਾਰ ਰੁਪਏ ਦਾ ਵੇਚ ਦਿੱਤਾ, ਜਿਸ ਨੇ ਇਹ ਮਿਥਾਈਲ ਅਲਕੋਹਲ ਵੱਖ-ਵੱਖ ਪਿੰਡਾਂ ਦੇ ਸ਼ਰਾਬ ਵਿਕਰੇਤਾਵਾਂ ਨੂੰ ਵੇਚ ਦਿੱਤਾ। ਇਨ੍ਹਾਂ ਵਿਕਰੇਤਾਵਾਂ ਨੇ ਇਸ ਕੈਮੀਕਲ ਨੂੰ ਪਾਣੀ ਵਿੱਚ ਮਿਲਾ ਕੇ ਦੇਸੀ ਸ਼ਰਾਬ ਦੱਸਦੇ ਹੋਏ ਲੋਕਾਂ ਨੂੰ ਵੇਚ ਦਿੱਤਾ ਸੀ।

## ਟ੍ਰੈਫਿਕ ਪੁਲਸ ਨੇ ਬਾਈਕ ਵਿੱਚ ਘੱਟ ਪੈਟਰੋਲ ਹੋਣ ਦਾ ਚਲਾਨ ਕੱਟਿਆ

ਤਿਰੂਵਨੰਤਪੁਰਮ, 28 ਜੁਲਾਈ (ਪੋਸਟ ਬਿਊਰੋ)- ਹਾਲੇ ਤਕ ਤੁਸੀਂ ਦੇਖਿਆ ਹੋਵੇਗਾ ਕਿ ਹੈਲਮਟ ਨਾ ਪਾਉਣ ਜਾਂ ਫਿਰ ਸੁਰੱਖਿਆ ਨਾਲ ਜੁੜੇ ਹੋਰ ਪ੍ਰੋਟੋਕਾਲ ਪੂਰੇ ਨਾ ਕਰਨ ਉੱਤੇ ਟ੍ਰੈਫਿਕ ਪੁਲਸ ਬਾਈਕਰਜ਼ ਤੋਂ ਜੁਰਮਾਨਾ ਵਸੂਲਦੀ ਤੇ ਇਸ ਦੇ ਚਲਾਨ ਕੱਟ ਦਿੰਦੀ ਹੈ ਪਰ ਕੇਰਲ ਵਿੱਚ ਚਲਾਨ ਬਾਰੇ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇਸ ਚਲਾਨ ਦੀ ਰਸੀਦ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ। ਯੂਜ਼ਰਸ ਇਸ ਦੇ ਲਈ ਕੇਰਲ ਪੁਲਸ ਦੀ ਬੁਰੀ ਤਰ੍ਹਾਂ ਆਲੋਚਨਾ ਕਰ ਰਹੇ ਹਨ। ਵਾਇਰਲ ਹੋਈ ਰਸੀਦ ਵਿੱਚ ਟਰੈਫਿਕ ਪੁਲਸ ਨੇ ਚਲਾਨ ਕਰਨ ਦੀ ਜੋ ਵਜ੍ਹਾ ਦੱਸੀ ਹੈ, ਉਹ ਹੈਰਾਨ ਕਰਨ ਵਾਲੀ ਹੈ। ਜਿਸ ਸ਼ਖ਼ਸ ਨੂੰ ਇਹ ਰਸੀਦ ਮਿਲੀ, ਉਸ ਨੇ ਦੱਸਿਆ ਕਿ ਪੁਲਸ ਨੂੰ ਚਲਾਨ ਕਰਨ ਦੀ ਕੋਈ ਹੋਰ ਵਜਾ ਨਾ ਮਿਲੀ ਤਾਂ ਬਾਈਕ ਵਿੱਚ ਪੂਰਾ ਪੈਟਰੋਲ ਨਾ ਹੋਣ ਦੀ ਵਜ੍ਹਾ ਕੱਢ ਦਿੱਤੀ। ਉਸ ਨੇ ਕਿਹਾ ਕਿ ਚਲਾਨ ਵਿੱਚ ਲਿਖਿਆ ਹੈ ਕਿ ਇਹ ਵਿਅਕਤੀ ਭਰਪੂਰ ਪੈਟਰੋਲ ਤੋਂ ਬਿਨਾਂ ਬਾਈਕ ਚਲਾ ਰਿਹਾ ਸੀ। ਕੇਰਲ ਪੁਲਸ ਨੇ ਇਸ ਦਾ ਚਲਾਨ ਫੋਟੋ ਸਮੇਤ ਵਿਅਕਤੀ ਦੇ ਪਤੇ ਉੱਤੇ ਭੇਜਿਆ ਹੈ। ਉਸ ਨੇ ਫੇਸਬੁੱਕ ਅਕਾਊਂਟ ਉੱਤੇ ਇਹ ਰਸੀਦ ਪੋਸਟ ਕੀਤੀ ਹੈ, ਜਿੱਥੋਂ ਇਹ ਵਾਇਰਲ ਹੋਈ ਹੈ। ਮੀਡੀਆ ਰਿਪੋਰਟ ਅਨੁਸਾਰ ਉਸ ਦਾ ਨਾਂ ਬਾਸਿਲ ਸ਼ਿਆਮ ਹੈ ਤੇ ਜਦੋਂ ਚਲਾਨ ਜਾਰੀ ਹੋਇਆ ਤਾਂ ਉਹ ਆਪਣੇ ਬੁਲਟ ਮੋਟਰਸਾਈਕਲ ਉੱਤੇ ਡਰਾਈਵ ਕਰ ਰਿਹਾ ਸੀ।

## ਕੇਜਰੀਵਾਲ ਨੇ ਗੁਜਰਾਤ ਦੇ ਵਪਾਰੀਆਂ ਨੂੰ ਪੰਜ ਗਾਰੰਟੀਆਂ ਦਿੱਤੀਆਂ




ਨਵੀਂ ਦਿੱਲੀ, 28 ਜੁਲਾਈ (ਪੋਸਟ ਬਿਊਰੋ)- ਗੁਜਰਾਤ ਦੇ ਰਾਜਕੋਟ ਵਿੱਚ ਟਾਊਨ ਹਾਲ ਮੀਟਿੰਗ ਦੌਰਾਨਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕੱਲ੍ਹ ਵਪਾਰੀਆਂ ਨੂੰ ਪੰਜ ਗਾਰੰਟੀਆਂ ਦੇ ਕੇ ਕਿਹਾ ਕਿ ਜੇ ਸਾਡੀ ਸਰਕਾਰ ਬਣੀ ਤਾਂ ਗੁਜਰਾਤ ਵਿੱਚ ਵਪਾਰੀ ਨਿਡਰ ਹੋ ਕੇ ਕਾਰੋਬਾਰ ਕਰ ਸਕਣਗੇ, ਅਸੀਂ ਵਪਾਰੀਆਂ ਨੂੰ ਸਰਕਾਰ ਦੇ ਹਿੱਸੇਦਾਰ ਬਣਾਵਾਂਗੇ। ਵਪਾਰੀ ਸਮੱਸਿਆਵਾਂ ਦਾ ਹੱਲ ਦੱਸਣਗੇ ਅਤੇ ਸਰਕਾਰ ਲਾਗੂ ਕਰੇਗੀ। ਵਪਾਰੀਆਂ ਦੇ ਅੰਦਰੋਂ ਡਰ ਦਾ ਮਾਹੌਲ ਖ਼ਤਮ ਕਰ ਦਿਆਂਗੇ। ਸਾਰਿਆਂ ਨੂੰ ਸਨਮਾਨ ਮਿਲੇਗਾ ਅਤੇ ਭ੍ਰਿਸ਼ਟਾਚਾਰ ਤੋਂ ਆਜ਼ਾਦੀ ਦੇਵਾਂਗੇ।

ਕੇਜਰੀਵਾਲ ਨੇ ਕਿਹਾ ਕਿ ਮੈਂ ਨਿੱਜੀ ਤੌਰ ਉੱਤੇ ਜੀ ਐਸ ਟੀ ਪ੍ਰਣਾਲੀ ਦੇ ਹੱਕ ਵਿੱਚ ਨਹੀਂ ਹਾਂ। ਇਸ ਨੂੰ ਸਰਲ ਬਣਾਉਣ ਦੀ ਲੋੜ ਹੈ ਤਾਂ ਕਿ ਵਪਾਰੀ ਆਸਾਨੀ ਨਾਲ ਟੈਕਸ ਭਰ ਸਕਣ। 2015 ਵਿੱਚ ਜਦੋਂ ਦਿੱਲੀ ਵਿੱਚ ਸਾਡੀ ਸਰਕਾਰ ਬਣੀ ਤਾਂ ਦਿੱਲੀ ਸਰਕਾਰ ਦੀ ਕੁੱਲ ਆਮਦਨ 30,000 ਕਰੋੜ ਰੁਪਏ ਸੀ ਅਤੇ ਅੱਜ ਸੱਤ ਸਾਲਾਂ ਬਾਅਦ ਇਹ 75,000 ਕਰੋੜ ਰੁਪਏ ਹੈ। ਦਿੱਲੀ ਵਿੱਚ ਅਸੀਂ ਸੱਤ ਸਾਲ ਟੈਕਸ ਨਹੀਂ ਵਧਾਇਆ ਤੇ ਰੇਡ ਬੰਦ ਕਰ ਦਿੱਤੇ। ਅਸੀਂ ਸਾਰਿਆਂ ਲਈ ਬਿਜਲੀ, ਪਾਣੀ, ਸਿੱਖਿਆ ਤੇ ਇਲਾਜ ਵੀ ਮੁਫ਼ਤ ਕੀਤਾ ਹੈ। ਇਸ ਸਾਲ ਦੀ ਕੈਗ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੂਰੇ ਦੇਸ਼ ਵਿੱਚ ਦਿੱਲੀ ਦੀ ਅਜਿਹੀ ਸਰਕਾਰ ਹੈ, ਜੋ ਮੁਨਾਫ਼ੇ ਲਈ ਚਲ ਰਹੀ ਹੈ। ਸਾਨੂੰ ਗੁਜਰਾਤ ਵਿੱਚ ਮੌਕਾ ਦਿਉ ਅਤੇ ਦੇਖੋ। ਜੇ ਅਸੀਂ ਵਾਅਦੇ 'ਤੇ ਪੂਰੇ ਨਾ ਉਤਰੇ ਤਾਂ ਮੈਂ ਅਗਲੀ ਵਾਰ ਵੋਟਾਂ ਮੰਗਣ ਨਹੀਂ ਆਵਾਂਗਾ।

ਇਸ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜੀ ਐਸ ਟੀ ਬੜਾ ਗੁੰਝਲਦਾਰ ਹੈ, ਪੂਰੇ ਦੇਸ਼ ਵਿੱਚ ਅਜਿਹੀ ਟੈਕਸ ਪ੍ਰਣਾਲੀ ਦੀ ਲੋੜ ਹੈ ਜਿਸ ਨੂੰ ਲੋਕ ਆਸਾਨੀ ਨਾਲ ਭਰ ਸਕਣ। ਗੁਜਰਾਤ ਦੇ ਵਪਾਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੌਟੱਲਿਆ ਨੇ ਅਰਥ ਸ਼ਾਸਤਰ ਦੀ ਪੁਸਤਕ ਵਿੱਚ ਇੱਕ ਚੰਗੀ ਗੱਲ ਲਿਖੀ ਸੀ ਕਿ ਰਾਜਾ ਆਪਣੀ ਜਨਤਾ ਤੋਂ ਅਜਿਹਾ ਟੈਕਸ ਲਵੇ ਕਿ ਉਸ ਨੂੰ ਪਤਾ ਨਾ ਲੱਗੇ ਕਿ ਉਸ ਨੇ ਟੈਕਸ ਲਿਆ ਹੈ। ਜਿਵੇਂ ਮਧੂ ਮੱਖੀ ਅਪਣੀ ਛੱਤੇ ਵਿੱਚੋਂ ਸ਼ਹਿਦ ਕੱਢਦੀ ਹੈ, ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਸ਼ਹਿਦ ਨਿਕਲ ਗਿਆ ਹੈ। ਕੇਜਰੀਵਾਲ ਨੇ ਕਿਹਾ ਕਿ ਦੇਸ਼ ਵਿੱਚ ਅਜਿਹਾ ਮਾਹੌਲ ਬਣਾ ਦਿੱਤਾ ਗਿਆ ਹੈ ਕਿ ਵਪਾਰੀ ਚੋਰ ਹੈ। ਇਹ ਮਾਹੌਲ ਸਿਰਜਿਆ ਜਾਂਦਾ ਹੈ ਕਿ ਉਦਯੋਗਪਤੀ ਅਤੇਵਪਾਰੀ ਟੈਕਸ ਨਹੀਂ ਦੇਣਾ ਚਾਹੁੰਦੇ। 99 ਫ਼ੀਸਦੀ ਲੋਕ ਇਮਾਨਦਾਰੀ ਨਾਲ ਟੈਕਸ ਦੇਣਾ ਚਾਹੁੰਦੇ ਅਤੇ ਕੰਮ ਇਮਾਨਦਾਰੀ ਨਾਲ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਜਾਂਦਾ। ਕੇਜਰੀਵਾਲ ਨੇ ਕਿਹਾ ਕਿ ਦਿੱਲੀ ਵਿੱਚ ਅਸੀਂ ਸਰਕਾਰ ਦੇ ਅੰਦਰੋਂ ਭ੍ਰਿਸ਼ਟਾਚਾਰ ਖ਼ਤਮ ਕਰ ਕੇ ਅਸੀਂ ਬਹੁਤ ਸਾਰਾ ਪੈਸਾ ਬਚਾਉਣਾ ਸ਼ੁਰੂ ਕਰ ਦਿੱਤਾ। ਵਜੀਰਪੁਰ ਦਾ ਫਲਾਈਓਵਰ ਬਣਾਇਆ। ਅਸੀਂ ਵਜੀਰਪੁਰ ਫਲਾਈਓਵਰ ਨੂੰ 325 ਕਰੋੜ ਦੀ ਥਾਂ 200 ਕਰੋੜ ਰੁਪਏ ਵਿੱਚ ਪੂਰਾ ਕੀਤਾ ਅਤੇ 125 ਕਰੋੜ ਰੁਪਏ ਦੀ ਬਚਤ ਕੀਤੀ, ਕਿਉਂਕਿ ਅਸੀਂ ਪੈਸੇ ਨਹੀਂ ਖਾਂਦੇ।

## ਵਿਰੋਧੀ ਧਿਰ ਵੱਲੋਂ ਰਾਸ਼ਟਰਪਤੀ ਨੂੰ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਵਿਰੁੱਧ ਪੱਤਰ

ਨਵੀਂ ਦਿੱਲੀ, 28 ਜੁਲਾਈ (ਪੋਸਟ ਬਿਊਰੋ)- ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਕੱਲ੍ਹ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਆਪਣੇ ਸਿਆਸੀ ਵਿਰੋਧੀ ਖਿਲਾਫ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਨ ਬਾਰੇ ਪੱਤਰ ਲਿਖਿਆ ਤੇ ਇਸ ਵਿੱਚ ਦਖਲ ਦੇਣ ਦੀ ਮੰਗ ਕੀਤੀ ਹੈ।

ਇਨ੍ਹਾਂ ਆਗੂਆਂ ਨੇ ਆਪਣੇ ਪੱਤਰ ਵਿੱਚ ਸਰਕਾਰ ਦੇ ਅੜੀਅਲ ਰਵੱਈਏ ਦਾ ਮੁੱਦਾ ਵੀ ਚੁੱਕਿਆ, ਜੋ ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਦੌਰਾਨ ਵਧਦੀ ਮਹਿੰਗਾਈ ਅਤੇ ਜੀ ਐਸ ਟੀ ਵਿੱਚ ਵਾਧੇ ਵਰਗੇ ਮੁੱਦਿਆਂ ਉੱਤੇ ਜ਼ਰੂਰੀ ਬਹਿਸ ਦੀ ਇਜਾਜ਼ਤ ਨਹੀਂ ਦੇ ਰਹੀ।ਕਾਂਗਰਸ, ਡੀ ਐਮ ਕੇ, ਸਮਾਜਵਾਦੀ ਪਾਰਟੀ, ਆਮ ਆਦਮੀ ਪਾਰਟੀ, ਆਰ ਜੇ ਡੀ ਅਤੇ ਸੀ ਪੀ ਆਈ (ਐਮ) ਸਮੇਤ ਵਿਰੋਧੀ ਪਾਰਟੀਆਂ ਦੇ ਆਗੂਆਂ ਦੇ ਦਸਖਤਾਂ ਵਾਲੇ ਇਸ ਪੱਤਰ ਵਿੱਚ ਕਿਹਾ ਗਿਆ ਹੈ, ''ਅਸੀਂ ਮੋਦੀ ਸਰਕਾਰ ਵੱਲੋਂ ਬਦਲੇ ਦੀ ਸਿਆਸਤ ਹੇਠ ਆਪਣੇ ਸਿਆਸੀ ਵਿਰੋਧੀਆਂ ਖਿਲਾਫ ਜਾਂਚ ਏਜੰਸੀਆਂ ਦੀ ਲਗਾਤਾਰ ਹੋ ਰਹੀ ਦੁਰਵਰਤੋਂ ਦਾ ਮਸਲਾ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ। ਅਸੀਂ ਤੁਹਾਨੂੰ ਇਸ ਵਿੱਚ ਤੁਰੰਤ ਦਖਲ ਦੇਣ ਦੀ ਅਪੀਲ ਕਰਦੇ ਹਾਂ।'' ਉਨ੍ਹਾਂ ਕਿਹਾ, ''ਕਾਨੂੰਨ, ਕਾਨੂੰਨ ਹੈ ਅਤੇ ਇਸ ਨੂੰ ਬਿਨਾਂ ਕਿਸੇ ਡਰ ਜਾਂ ਪੱਖਪਾਤ ਦੇ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਸ ਨੂੰ ਮਨਮਰਜ਼ੀ ਨਾਲ ਤੇ ਵਿਰੋਧੀ ਧਿਰ ਦੇ ਚੋਣਵੇਂ ਅਹਿਮ ਆਗੂਆਂ ਖਿਲਾਫ ਬਿਨਾਂ ਕਿਸੇ ਢੁੱਕਵੇਂ ਕਾਰਨ ਦੇ ਲਾਗੂ ਨਹੀਂ ਕੀਤਾ ਜਾ ਸਕਦਾ।'' ਉਨ੍ਹਾਂ ਕਿਹਾ ਕਿ ਇਸ ਕਾਰਵਾਈ ਦਾ ਇੱਕੋ ਇੱਕ ਮਕਸਦ ਭਾਜਪਾ ਖਿਲਾਫ ਸਿਧਾਂਤਕ ਤੇ ਸਿਆਸੀ ਲੜਾਈ ਲੜਦੇ ਆਗੂਆਂ ਦਾ ਅਕਸ ਖਰਾਬ ਕਰਨਾ ਤੇ ਉਨ੍ਹਾਂ ਨੂੰ ਕਮਜ਼ੋਰ ਕਰਨਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਇਹ ਸਭ ਕੁਝ ਦੇਸ਼ ਵਿੱਚ ਲਗਾਤਾਰ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ ਵਰਗੇ ਲੋਕ ਮੁੱਦਿਆਂ ਤੋਂ ਦੇਸ਼ ਦੇ ਲੋਕਾਂ ਦਾ ਧਿਆਨ ਭਟਕਾਉਣ ਲਈ ਕੀਤਾ ਜਾ ਰਿਹਾ ਹੈ।

ਕਾਂਗਰਸ ਆਗੂ ਮਲਿਕਾਰਜੁਨ ਖੜਗੇ, ਆਮ ਆਦਮੀ ਪਾਰਟੀ ਦੇ ਆਗੂ ਸੰਜੇ ਸਿੰਘ, ਆਰ ਜੇ ਡੀ ਵੱਲੋਂ ਮਨੋਜ ਝਾਅ, ਸੀ ਪੀ ਆਈ (ਐਮ) ਦੇ ਐਲਮਰਾਨ ਕਰੀਮ ਤੇ ਸਮਜਾਵਾਦੀ ਪਰਟੀ ਦੇ ਰਾਮ ਗੋਪਾਲ ਯਾਦਵ ਅਤੇ ਹੋਰ ਆਗੂਆਂ ਨੇ ਇਸ ਪੱਤਰ ਉੱਤੇ ਦਸਤਖਤ ਕੀਤੇ ਹਨ। ਸਰਕਾਰ ਵੱਲੋਂ ਪਾਰਲੀਮੈਂਟ ਵਿੱਚ ਲੋਕ ਮੁੱਦਿਆਂ ਉੱਤੇ ਬਹਿਸ ਨਾ ਹੋਣ ਦੇਣ ਸਬੰਧੀ ਉਨ੍ਹਾਂ ਕਿਹਾ, ''ਬਹੁਤ ਦੁੱਖ ਦੀ ਗੱਲ ਹੈ ਕਿ ਮੌਨਸੂਨ ਸੈਸ਼ਨ ਦੌਰਾਨ ਦੋਵਾਂ ਸਦਨਾਂ ਵਿੱਚ ਖੜੋਤ ਦੀ ਸਥਿਤੀ ਬਣੀ ਹੋਈ ਹੈ ਕਿਉਂਕਿ ਸਰਕਾਰ ਮਹਿੰਗਾਈ ਤੇ ਕਈ ਖੁਰਾਕੀ ਵਸਤਾਂ ਉੱਤੇ ਜੀ ਐਸ ਟੀ ਲਗਾਉਣ ਦੇ ਮੁੱਦੇ ਉੱਤੇ ਚਰਚਾ ਕਰਵਾਉਣ ਲਈ ਤਿਆਰ ਨਹੀਂ ਹੈ ਅਤੇ ਕੰਮ ਵਿੱਚ ਅੜਿੱਕਾ ਪੈ ਰਿਹਾ ਹੇ।

## ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਆਰ ਐਸ ਐਸ ਦੇ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਨਵੀਂ ਦਿੱਲੀ, 28 ਜੁਲਾਈ (ਪੋਸਟ ਬਿਊਰੋ)- ਵਿਸ਼ਵ ਹਿੰਦੂ ਪ੍ਰੀਸ਼ਦ ਤੇ ਰਾਸ਼ਟਰੀ ਸਵੈ ਸੇਵਕ ਸੰਘ (ਆਰ ਐਸ ਐਸ) ਦੇ ਦਿੱਲੀ ਵਾਲੇ ਦਫ਼ਤਰ ਨੂੰ ਬੰਬ ਨਾਲ ਓਡਾਉਣ ਦੀ ਕੱਲ੍ਹ ਧਮਕੀ ਮਿਲੀ ਹੈ।

ਪਤਾ ਲੱਗਾ ਹੈ ਕਿ ਇੱਕ ਸ਼ੱਕੀ ਵਿਅਕਤੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦਫ਼ਤਰ ਵਿੱਚ ਗਿਆ ਅਤੇ ਉਸ ਨੇ ਦਫ਼ਤਰ ਨੂੰ ਉਡਾਉਣ ਦੀ ਧਮਕੀ ਦਿੱਤੀ। ਵੀ ਐਚ ਪੀ ਵਰਕਰਾਂ ਨੇ ਉਸ ਨੂੰ ਫੜ ਕੇ ਦਿੱਲੀ ਪੁਲਸ ਨੂੰ ਸੌਂਪ ਦਿੱਤਾ। ਇਹ ਘਟਨਾ ਕੱਲ੍ਹ ਦਿੱਲੀ ਦੇ ਝੰਡੇਵਾਲ ਵਿਚਲੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦਫ਼ਤਰ ਵਿੱਚ ਵਾਪਰੀ। ਵੀ ਐਚ ਪੀ ਨੇ ਆਪਣੇ ਟਵਿੱਟਰ ਅਕਾਉਂਟ ਉੱਤੇ ਇਹ ਜਾਣਕਾਰੀ ਦਿੱਤੀ ਹੈ।ੋ,ੋ਼ ਜਾਣਕਾਰੀ ਅਨੁਸਾਰ ਦੋਸ਼ੀ ਨੌਜਵਾਨ ਧਮਕੀਆਂ ਦਿੰਦੇ ਹੋਏ ਵੱਖ-ਵੱਖ ਸਮੇਂ ਦੋਹਾਂ ਦਫ਼ਤਰਾਂ ਵਿੱਚ ਗਿਆ। ਇੱਕ ਥਾਂ ਉੱਤੇ ਉਸ ਨੇ ਰੇਕੀ ਕੀਤੀ, ਦੂਜੀ ਥਾਂ ਉੱਤੇ ਦਫ਼ਤਰ ਨੂੰ ਉਡਾਉਣ ਦੀ ਧਮਕੀ ਦਿੱਤੀ। ਉਸ ਨੇ ਕਿਹਾ ਕਿ ਉਨ੍ਹਾਂ ਦੇ ਪੈਗੰਬਰ ਬਾਰੇ ਕੀ ਕਿਹਾ ਜਾ ਰਿਹਾ ਹੈ, ਕੀ ਸਮਝ ਰਹੇ ਹੋ ਤਸੀਂ, ਸਾਨੂੰ ਵੀ ਦੱਸਣਾ ਆਉਂਦਾ ਹੈ। ਇਸ ਦਫ਼ਤਰ ਨੂੰ ਬੰਬ ਨਾਲ ਉਡਾ ਦਿਆਂਗੇ। ਇਹ ਨੌਜਵਾਨ ਸਭ ਤੋਂ ਪਹਿਲਾਂ ਉਦਾਸੀ ਆਸ਼ਰਮ ਸੰਘ ਦੇ ਦਫ਼ਤਰ ਗਿਆ। ਫਿਰ ਉਥੋਂ ਝੰਡੇਵਾਲਾ ਵਿਚਲੇ ਵੀ ਐਚ ਪੀ ਦਫਤਰ ਪੁੱਜਾ ਅਤੇ ਸੂਬਾ ਜਨਰਲ ਸੈਕਟਰੀ ਸੁਰਿੰਦਰ ਗੁਪਤਾ ਨੂੰ ਧਮਕੀਆਂ ਦੇਣੀਆਂ ਸ਼ੁਰੂ ਕੀਤੀਆਂ। ਉਸ ਨੇ ਕਿਹਾ ਕਿ ਸਾਡੇ ਆਕਾ ਨੇ ਇਨ੍ਹਾਂ ਸਾਰੇ ਦਫ਼ਤਰਾਂ ਨੂੰ ਬੰਬਾਂ ਨਾਲ ਉਡਾਉਣ ਦਾ ਫ਼ੈਸਲਾ ਕੀਤਾ ਹੈ/ ਉਨ੍ਹਾਂ ਨੇ ਨੌਜਵਾਨ ਨੂੰ ਕਮਰੇ ਵਿੱਚ ਬੰਦ ਕਰ ਦਿੱਤਾ ਤੇ ਪੁਲਸ ਬੁਲਾ ਲਈ।

## ਵਿਰੋਧੀ ਧਿਰ ਵੱਲੋਂ ਰਾਸ਼ਟਰਪਤੀ ਨੂੰ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਵਿਰੁੱਧ ਪੱਤਰ

ਨਵੀਂ ਦਿੱਲੀ, 28 ਜੁਲਾਈ (ਪੋਸਟ ਬਿਊਰੋ)- ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਕੱਲ੍ਹ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਆਪਣੇ ਸਿਆਸੀ ਵਿਰੋਧੀ ਖਿਲਾਫ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਨ ਬਾਰੇ ਪੱਤਰ ਲਿਖਿਆ ਤੇ ਇਸ ਵਿੱਚ ਦਖਲ ਦੇਣ ਦੀ ਮੰਗ ਕੀਤੀ ਹੈ।

ਇਨ੍ਹਾਂ ਆਗੂਆਂ ਨੇ ਆਪਣੇ ਪੱਤਰ ਵਿੱਚ ਸਰਕਾਰ ਦੇ ਅੜੀਅਲ ਰਵੱਈਏ ਦਾ ਮੁੱਦਾ ਵੀ ਚੁੱਕਿਆ, ਜੋ ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਦੌਰਾਨ ਵਧਦੀ ਮਹਿੰਗਾਈ ਅਤੇ ਜੀ ਐਸ ਟੀ ਵਿੱਚ ਵਾਧੇ ਵਰਗੇ ਮੁੱਦਿਆਂ ਉੱਤੇ ਜ਼ਰੂਰੀ ਬਹਿਸ ਦੀ ਇਜਾਜ਼ਤ ਨਹੀਂ ਦੇ ਰਹੀ।ਕਾਂਗਰਸ, ਡੀ ਐਮ ਕੇ, ਸਮਾਜਵਾਦੀ ਪਾਰਟੀ, ਆਮ ਆਦਮੀ ਪਾਰਟੀ, ਆਰ ਜੇ ਡੀ ਅਤੇ ਸੀ ਪੀ ਆਈ (ਐਮ) ਸਮੇਤ ਵਿਰੋਧੀ ਪਾਰਟੀਆਂ ਦੇ ਆਗੂਆਂ ਦੇ ਦਸਖਤਾਂ ਵਾਲੇ ਇਸ ਪੱਤਰ ਵਿੱਚ ਕਿਹਾ ਗਿਆ ਹੈ, ''ਅਸੀਂ ਮੋਦੀ ਸਰਕਾਰ ਵੱਲੋਂ ਬਦਲੇ ਦੀ ਸਿਆਸਤ ਹੇਠ ਆਪਣੇ ਸਿਆਸੀ ਵਿਰੋਧੀਆਂ ਖਿਲਾਫ ਜਾਂਚ ਏਜੰਸੀਆਂ ਦੀ ਲਗਾਤਾਰ ਹੋ ਰਹੀ ਦੁਰਵਰਤੋਂ ਦਾ ਮਸਲਾ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ। ਅਸੀਂ ਤੁਹਾਨੂੰ ਇਸ ਵਿੱਚ ਤੁਰੰਤ ਦਖਲ ਦੇਣ ਦੀ ਅਪੀਲ ਕਰਦੇ ਹਾਂ।'' ਉਨ੍ਹਾਂ ਕਿਹਾ, ''ਕਾਨੂੰਨ, ਕਾਨੂੰਨ ਹੈ ਅਤੇ ਇਸ ਨੂੰ ਬਿਨਾਂ ਕਿਸੇ ਡਰ ਜਾਂ ਪੱਖਪਾਤ ਦੇ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਸ ਨੂੰ ਮਨਮਰਜ਼ੀ ਨਾਲ ਤੇ ਵਿਰੋਧੀ ਧਿਰ ਦੇ ਚੋਣਵੇਂ ਅਹਿਮ ਆਗੂਆਂ ਖਿਲਾਫ ਬਿਨਾਂ ਕਿਸੇ ਢੁੱਕਵੇਂ ਕਾਰਨ ਦੇ ਲਾਗੂ ਨਹੀਂ ਕੀਤਾ ਜਾ ਸਕਦਾ।'' ਉਨ੍ਹਾਂ ਕਿਹਾ ਕਿ ਇਸ ਕਾਰਵਾਈ ਦਾ ਇੱਕੋ ਇੱਕ ਮਕਸਦ ਭਾਜਪਾ ਖਿਲਾਫ ਸਿਧਾਂਤਕ ਤੇ ਸਿਆਸੀ ਲੜਾਈ ਲੜਦੇ ਆਗੂਆਂ ਦਾ ਅਕਸ ਖਰਾਬ ਕਰਨਾ ਤੇ ਉਨ੍ਹਾਂ ਨੂੰ ਕਮਜ਼ੋਰ ਕਰਨਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਇਹ ਸਭ ਕੁਝ ਦੇਸ਼ ਵਿੱਚ ਲਗਾਤਾਰ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ ਵਰਗੇ ਲੋਕ ਮੁੱਦਿਆਂ ਤੋਂ ਦੇਸ਼ ਦੇ ਲੋਕਾਂ ਦਾ ਧਿਆਨ ਭਟਕਾਉਣ ਲਈ ਕੀਤਾ ਜਾ ਰਿਹਾ ਹੈ।

ਕਾਂਗਰਸ ਆਗੂ ਮਲਿਕਾਰਜੁਨ ਖੜਗੇ, ਆਮ ਆਦਮੀ ਪਾਰਟੀ ਦੇ ਆਗੂ ਸੰਜੇ ਸਿੰਘ, ਆਰ ਜੇ ਡੀ ਵੱਲੋਂ ਮਨੋਜ ਝਾਅ, ਸੀ ਪੀ ਆਈ (ਐਮ) ਦੇ ਐਲਮਰਾਨ ਕਰੀਮ ਤੇ ਸਮਜਾਵਾਦੀ ਪਰਟੀ ਦੇ ਰਾਮ ਗੋਪਾਲ ਯਾਦਵ ਅਤੇ ਹੋਰ ਆਗੂਆਂ ਨੇ ਇਸ ਪੱਤਰ ਉੱਤੇ ਦਸਤਖਤ ਕੀਤੇ ਹਨ। ਸਰਕਾਰ ਵੱਲੋਂ ਪਾਰਲੀਮੈਂਟ ਵਿੱਚ ਲੋਕ ਮੁੱਦਿਆਂ ਉੱਤੇ ਬਹਿਸ ਨਾ ਹੋਣ ਦੇਣ ਸਬੰਧੀ ਉਨ੍ਹਾਂ ਕਿਹਾ, ''ਬਹੁਤ ਦੁੱਖ ਦੀ ਗੱਲ ਹੈ ਕਿ ਮੌਨਸੂਨ ਸੈਸ਼ਨ ਦੌਰਾਨ ਦੋਵਾਂ ਸਦਨਾਂ ਵਿੱਚ ਖੜੋਤ ਦੀ ਸਥਿਤੀ ਬਣੀ ਹੋਈ ਹੈ ਕਿਉਂਕਿ ਸਰਕਾਰ ਮਹਿੰਗਾਈ ਤੇ ਕਈ ਖੁਰਾਕੀ ਵਸਤਾਂ ਉੱਤੇ ਜੀ ਐਸ ਟੀ ਲਗਾਉਣ ਦੇ ਮੁੱਦੇ ਉੱਤੇ ਚਰਚਾ ਕਰਵਾਉਣ ਲਈ ਤਿਆਰ ਨਹੀਂ ਹੈ ਅਤੇ ਕੰਮ ਵਿੱਚ ਅੜਿੱਕਾ ਪੈ ਰਿਹਾ ਹੇ।

## ਠਾਕਰੇ ਧੜੇ ਦੀ ਅਪੀਲ ਉੱਤੇ ਸੁਪਰੀਮ ਕੋਰਟ ਵੱਲੋਂ ਸੁਣਵਾਈ 1 ਨੂੰ

ਨਵੀਂ ਦਿੱਲੀ, 28 ਜੁਲਾਈ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੇ ਸ਼ਿਵ ਸੈਨਾ ਧੜੇ ਦੀ ਅਪੀਲ ਉੱਤੇ ਚੋਣ ਕਮਿਸ਼ਨ ਦੀ ਕਾਰਵਾਈ ਖਿਲਾਫ ਦਾਖਲ ਕੀਤੀ ਗਈ ਊਧਵ ਠਾਕਰੇ ਧੜੇ ਦੀ ਅਪੀਲ ਉੱਤੇ ਸੁਪਰੀਮ ਕੋਰਟ ਪਹਿਲੀ ਅਗਸਤ ਨੂੰ ਸੁਣਵਾਈ ਕਰਨ ਲਈ ਰਾਜ਼ੀ ਹੋ ਗਈ ਹੈ।ਸ਼ਿੰਦੇ ਦੀ ਅਗਵਾਈ ਵਾਲੇ ਧੜੇ ਨੇ ਖੁਦ ਨੂੰ ਅਸਲੀ ਸ਼ਿਵ ਸੈਨਾ ਵਜੋਂ ਮਾਨਤਾ ਦੇਣ ਦੀ ਅਪੀਲ ਕੀਤੀ ਹੈ।

ਚੀਫ ਜਸਟਿਸ ਐਨ ਵੀ ਰਾਮੰਨਾ, ਜਸਟਿਸ ਕ੍ਰਿਸ਼ਨ ਮੁਰਾਰੀ ਅਤੇ ਜਸਟਿਸ ਹਿਮਾ ਕੋਹਲੀ ਦੇ ਬੈਂਚ ਨੂੰ ਊਧਵ ਠਾਕਰੇ ਧੜੇ ਵੱਲੋਂ ਪੇਸ਼ ਐਡਵੋਕੇਟ ਕਪਿਲ ਸਿੱਬਲ ਨੇ ਕਿਹਾ ਕਿ ਚੋਣ ਕਮਿਸ਼ਨ ਸਾਹਮਣੇ ਚੱਲਦੀ ਕਾਰਵਾਈ ਉੱਤੇ ਰੋਕ ਲਾਉਣ ਦੀ ਲੋੜ ਹੈ, ਕਿਉਂਕਿ ਇਸ ਨਾਲ ਇੱਥੇ ਸੁਣਵਾਈ ਪ੍ਰਭਾਵਤ ਹੋਵੇਗੀ। ਉਨ੍ਹਾਂ ਕਿਹਾ ਕਿ ਇੱਥੇ ਸਰਵਉਚ ਅਦਾਲਤ ਵਿੱਚ ਪੈਂਡਿੰਗ ਪਏ ਕੇਸਾਂ ਨੂੰ ਬੇਅਰਥ ਨਹੀਂ ਕੀਤਾ ਜਾਣਾ ਚਾਹੀਦਾ। ਦੂਸਰੇ ਪਾਸੇ ਸ਼ਿੰਦੇ ਧੜੇ ਵੱਲੋਂ ਪੇਸ਼ ਐਡਵੋਕੇਟ ਐਨ ਕੇ ਕੌਲ ਨੇ ਕਿਹਾ, ''ਇਹ ਬਿਲਕੁਲ ਵੱਖੋ-ਵੱਖਰੇ ਕੇਸ ਹਨ। ਇੱਕ ਦਾ ਸਬੰਧ ਸਪੀਕਰ ਨਾਲ ਹੈ ਤੇ ਸਰਵਉਚ ਅਦਾਲਤ ਅਯੋਗਤਾ, ਸ਼ਕਤੀ ਪਰਖਣ ਜਿਹੇ ਸਾਰੇ ਮੁੱਦਿਆਂ ਉੱਤੇ ਸੁਣਵਾਈ ਕਰ ਰਹੀ ਹੈ। ਚੋਣ ਕਮਿਸ਼ਨ ਇਹ ਗੱਲ ਦੇਖਦਾ ਹੈ ਕਿ ਪਾਰਟੀ ਦੀ ਕੌਣ ਨੁਮਾਇੰਦਗੀ ਕਰਦਾ ਹੈ, ਉਸ ਦੇ ਚਿੰਨ੍ਹ ਤੇ ਅਯੋਗਤਾ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ।'' ਬੈਂਚ ਨੇ ਪੁੱਛਿਆ ਕਿ ਚੋਣ ਕਮਿਸ਼ਨ ਨੇ ਅੱਜ ਤਕ ਕੀ ਕਾਰਵਾਈ ਕੀਤੀ ਹੈ? ਕੌਲ ਨੇ ਕਿਹਾ ਕਿ ''ਚੋਣ ਕਮਿਸ਼ਨ ਨੇ ਹਾਲੇ ਸਿਰਫ ਅੱਠ ਅਗਸਤ ਲਈ ਨੋਟਿਸ ਜਾਰੀ ਕੀਤੇ ਹਨ।'' ਬੈਂਚ ਨੇ ਕਿਹਾ ਕਿ ਉਹ ਪੈਂਡਿੰਗ ਅਪੀਲਾਂ ਦੇ ਨਾਲ ਇਸ ਅਪੀਲ ਉੱਤੇ ਪਹਿਲੀ ਅਗਸਤ ਨੂੰ ਸੁਣਵਾਈ ਕਰੇਗਾ।

## ਭਾਰਤ ਵਿੱਚ ਹਰ ਤੀਸਰੇ ਦਿਨ ਹੁੰਦੀ ਹੈ ਇੱਕ ਸ਼ੇਰ ਦੀ ਮੌਤ

ਨਵੀਂ ਦਿੱਲੀ, 28 ਜੁਲਾਈ (ਪੋਸਟ ਬਿਊਰੋ)- ਜੰਗਲਾਂ ਵਿੱਚ ਆਪਣੀ ਦਹਾੜ ਨਾਲ ਦਹਿਸ਼ਤ ਪੈਦਾ ਕਰਨ ਵਾਲੇ ਸ਼ੇਰ ਅੱਜ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ। ਵਧਦੇ ਸ਼ਹਿਰੀਕਰਨ ਅਤੇ ਸੁੰਗੜਦੇ ਜੰਗਲਾਂ ਦੇ ਕਾਰਨ ਰਾਸ਼ਟਰੀ ਪਸ਼ੂ ਬੇ ਮੌਤ ਮਾਰੇ ਜਾ ਰਹੇ ਹਨ। ਭਾਰਤ ਵਿੱਚ ਸ਼ੇਰਾਂ ਦੀ ਸੁਰੱਖਿਆ ਅਤੇ ਜਣੇਪੇ ਦੇ ਕਾਫੀ ਪ੍ਰਬੰਧ ਕੀਤੇ ਗਏ ਹਨ ਤੇ ਇਸ ਦੇ ਫਾਇਦੇ ਵੀ ਨਜ਼ਰ ਆਏ ਹਨ, ਫਿਰ ਵੀ ਬੀਤੇ ਤਿੰਨ ਸਾਲ ਵਿੱਚ ਲਗਭਗ ਹਰ ਤੀਸਰੇ ਦਿਨ ਇੱਕ ਸ਼ੇਰ ਦੀ ਮੌਤ ਹੋਣਾ ਚਿੰਤਾ ਦਾ ਕਾਰਨ ਹੈ। ਇਸ ਤੋਂ ਸਪੱਸ਼ਟ ਹੈ ਕਿ ਸ਼ੇਰਾਂ ਦੀ ਸੁਰੱਖਿਆ ਲਈ ਹੋਰ ਗੰਭੀਰ ਯਤਨ ਕਰਨ ਦੀ ਜ਼ਰੂਰਤ ਹੈ।

ਸ਼ੇਰਾਂ ਦੀਆਂ ਖਤਮ ਹੋ ਰਹੀਆਂ ਨਸਲਾਂ ਵੱਲ ਧਿਆਨ ਖਿੱਚਣ ਲਈ ਹਰ ਸਾਲ 29 ਜੁਲਾਈ ਨੂੰ ਅੰਤਰਰਾਸ਼ਟਰੀ ਬਾਘ ਦਿਵਸ ਮਨਾਇਆ ਜਾਂਦਾ ਹੈ। ਇਹ ਪਰੰਪਰਾ 2010 ਵਿੱਚ ਸੇਂਟ ਪੀਟਰਸਬਰਗ ਵਿੱਚ ਟਾਈਗਰ ਸ਼ਿਖਰ ਸੰਮੇਲਨ ਤੋਂ ਚੱਲੀ ਸੀ। ਇਸ ਦੇ ਤਿੰਨ ਦਿਨਾਂ ਪਹਿਲਾਂ ਲੋਕ ਸਭਾ ਵਿੱਚ ਕੇਂਦਰੀ



ਵਾਤਾਵਰਣ ਮੰਤਰੀ ਅਸ਼ਵਨੀ ਚੌਬੇ ਨੇ ਜੋ ਅੰਕੜੇ ਪੇਸ਼ ਕੀਤੇ, ਉਹ ਚਿੰਤਾ ਵਾਲੇ ਹਨ। ਅੰਕੜਿਆਂ ਅਨੁਸਾਰ ਬੀਤੇ ਤਿੰਨ ਸਾਲ 2019 ਤੋਂ 2021 ਦੌਰਾਨ ਭਾਰਤ ਵਿੱਚ 329 ਸ਼ੇਰਾਂ ਦੀ ਮੌਤ ਹੋਈ ਹੈ। ਇਨ੍ਹਾਂ ਵਿੱਚੋਂ 68 ਸੁਭਾਵਕ ਮੌਤ ਮਰੇ, 29 ਸ਼ੇਰਾਂ ਨੂੰ ਸ਼ਿਕਾਰੀਆਂ ਨੇ ਮਾਰਿਆ, ਜਦ ਕਿ 30 ਸ਼ੇਰ ਲੋਕਾਂ ਉੱਤੇ ਹਮਲੇ ਵਿੱਚ ਮਾਰੇ ਗਏ। 197 ਸ਼ੇਰਾਂ ਦੀ ਮੌਤ ਦੇ ਸਹੀ ਕਾਰਨਾਂ ਦਾ ਪਤਾ ਨਹੀਂ ਲੱਗਾ। ਸ਼ੇਰਾਂ ਦੇ ਹਮਲੇ ਵਿੱਚ 125 ਲੋਕਾਂ ਦੀ ਜਾਨ ਗਈ। ਇਸ ਦੌਰਾਨ 307 ਹਾਥੀਆਂ ਦੀ ਵੀ ਮੌਤ ਹੋਈ, ਜਿਨ੍ਹਾਂ ਵਿੱਚ 202 ਦੀ ਮੌਤ ਕਰੰਟ ਲੱਗਣ ਨਾਲ ਹੋਈ ਅਤੇ ਬਾਕੀਆਂ ਦੇ ਕਾਰਨ ਵੱਖੋ ਵੱਖਰੇ ਦੱਸੇ ਗਏ ਹਨ।

ਰਾਹਤ ਦੀ ਗੱਲ ਇਹ ਹੈ ਕਿ ਪਹਿਲਾਂ ਦੇ ਮੁਕਾਬਲੇ ਸ਼ੇਰਾਂ ਦੇ ਸ਼ਿਕਾਰ ਵਿੱਚ ਕਮੀ ਆਈ ਹੈ। ਸਾਲ 2019 ਵਿੱਚ ਸ਼ਿਕਾਰੀਆਂ ਨੇ ਜਿੱਥੇ 17 ਸ਼ੇਰਾਂ ਨੂੰ ਮਾਰਿਆ ਸੀ, ਉਥੇ 2021 ਵਿੱਚ ਇਹ ਗਿਣਤੀ ਘਟ ਕੇ ਚਾਰ ਉੱਤੇ ਆ ਗਈ। ਵੱਡੀ ਰਾਹਤ ਦੀ ਗੱਲ ਇਹ ਵੀ ਹੈ ਕਿ ਪਿਛਲੇ ਲਗਭਗ ਇੱਕ ਦਹਾਕੇ ਵਿੱਚ ਭਾਰਤ ਵਿੱਚ ਸ਼ੇਰਾਂ ਦੀ ਆਬਾਦੀ ਦੁੱਗਣੀ ਹੋਈ ਹੈ। ਸਰਕਾਰ ਵੱਲੋਂ ਜਾਰੀ ਕੀਤੇ ਨਵੇਂ ਅੰਕੜਿਆਂ ਮੁਤਾਬਕ ਭਾਰਤ ਵਿੱਚ ਕਰੀਬ 3000 ਸ਼ੇਰ ਹਨ। ਇਹ ਗਿਣਤੀ ਸੰਸਾਰ ਵਿੱਚ ਸ਼ੇਰਾਂ ਦੀ ਆਬਾਦੀ ਦਾ 75 ਫੀਸਦੀ ਹਨ। ਦੱਸਣਾ ਬਣਦਾ ਹੈ ਕਿ ਦੇਸ਼ ਵਿੱਚ 53 ਟਾਈਗਰ ਰਿਜ਼ਰਵ ਹਨ।

# ਕਾਬੁਲ ਵਿੱਚ ਗੁਰਦੁਆਰੇ ਨੇੜੇ ਬੰਬ ਧਮਾਕਾ

### * ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ



ਕਾਬੁਲ, 28 ਜੁਲਾਈ (ਪੋਸਟ ਬਿਊਰੋ)- ਕਾਬੁਲ ਵਿੱਚ ਕੱਲ੍ਹ ਗੁਰਦੁਆਰਾ ਕਰਤੇ ਪਰਵਾਨ ਨੇੜੇ ਬੰਬ ਧਮਾਕਾ ਹੋਇਆ। ਇਹ ਧਮਾਕਾ ਇਸ ਪਵਿੱਤਰ ਅਸਥਾਨ ਉੱਤੇ ਇਸਲਾਮਕ ਸਟੇਟ ਦੇ ਅੱਤਵਾਦੀਆਂ ਵੱਲੋਂ ਕੀਤੇ ਹਮਲੇ ਤੋਂ ਇੱਕ ਮਹੀਨੇ ਬਾਅਦ ਹੋਇਆ ਹੈ। ਇੰਡੀਅਨ ਵਲਡ ਫੋਰਮ ਦੇ ਪ੍ਰਧਾਨ ਪੁਨੀਤ ਸਿੰਘ ਚੰਡੋਕ ਨੇ ਦੱਸਿਆ, ''ਸਿੱਖ ਤੇ ਹਿੰਦੂ ਭਾਈਚਾਰੇ ਦੇ ਲੋਕ ਸੁਰੱਖਿਅਤ ਹਨ। ਅੱਗੇ ਵਿਸਥਾਰ ਵਿੱਚ ਜਾਣਕਾਰੀ ਦੀ ਉਡੀਕ ਕੀਤੀ ਜਾ ਰਹੀ ਹੈ।''

ਪੁਨੀਤ ਸਿੰਘ ਚੰਡੋਕ ਨੇ ਦੱਸਿਆ ਕਿ ਇਹ ਧਮਾਕਾ ਇੱਕ ਅਫਗਾਨੀ ਸਿੱਖ ਦੀ ਦੁਕਾਨ ਨੇੜੇ ਵਾਪਰਿਆ ਹੈ, ਜੋ ਹਰਬਲ ਦਵਾਈਆਂ ਵੇਚਦਾ ਹੈ। ਇਸ ਮੌਕੇ ਇੱਕ ਵੀਡੀਓ ਵੀ ਵਾਇਰਲ ਹੋਈ ਹੈ, ਜਿਸ ਵਿੱਚ ਦੁਕਾਨ ਮਾਲਕ ਹਰਜੀਤ ਸਿੰਘ ਦੱਸਦਾ ਹੈ ਕਿ ਇਹ ਇੱਕ ਟਾਈਮ ਬੰਬ ਸੀ, ਜੋ ਉਸ ਦੀ ਦੁਕਾਨ ਦੇ ਨੇੜੇ ਰੱਖਿਆ ਗਿਆ ਸੀ। ਇਹ ਧਮਾਕਾ ਉਸ ਵੇਲੇ ਹੋਇਆ ਜਦੋਂ ਉਹ ਦੁਪਹਿਰ ਦਾ ਭੋਜਨ ਕਰਨ ਵਾਸਤੇ ਘਰ ਗਿਆ ਸੀ। ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਵਿਦੇਸ਼ ਮੰਤਰਾਲੇ ਨੂੰ ਅਫਗਾਨਿਸਤਾਨ ਵਿੱਚ ਰਹਿ ਗਏ ਸਿੱਖਾਂ ਅਤੇ ਹਿੰਦੂਆਂ ਨੂੰ ਭਾਰਤ ਲਿਆਉਣ ਦੀ ਅਪੀਲ ਕੀਤੀ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਅਫਗਾਨਿਸਤਾਨ ਵਿੱਚ ਰਹਿ ਗਏ ਘੱਟਗਿਣਤੀ ਲੋਕਾਂ ਨੂੰ ਆਖਿਆ ਕਿ ਉਹ ਆਪਣੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਹ ਜਗ੍ਹਾ ਛੱਡ ਦੇਣ।

## ਨੌਜਵਾਨ ਦੀ ਹੱਤਿਆ ਕਰ ਕੇ ਲਾਸ਼ ਬਾਜ਼ਾਰ ਵਿੱਚ ਘੁੰਮਾਈ ਗਈ

ਕਾਬੁਲ, 28 ਜੁਲਾਈ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਬਗਲਾਨ ਸੂਬੇ ਦੇ ਅੰਦਰਾਬ ਜ਼ਿਲ੍ਹੇਵਿੱਚ ਤਾਲਿਬਾਨ ਨੇ ਘਰ ਤੋਂ ਕੱਢ ਕੇ ਇੱਕ ਨੌਜਵਾਨ ਦੀ ਹੱਤਿਆ ਕਰ ਦਿੱਤੀ ਅਤੇ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਲਈ ਉਸ ਦੀ ਲਾਸ਼ ਨੂੰ ਬਾਜ਼ਾਰ ਵਿੱਚ ਘੁਮਾਇਆ।ਮੀਡੀਆ ਅਨੁਸਾਰ ਅੰਦਰਾਬ ਦੇ ਕਾਸਾ ਤਰਾਸ਼ ਖੇਤਰ ਵਿੱਚ ਤਾਲਿਬਾਨ ਨੇ 20 ਜੁਲਾਈ ਨੂੰ ਘਰੋਂ ਕੱਢ ਕੇ ਇੱਕ ਸਥਾਨਕ ਨੌਜਵਾਨ ਦੀ ਹੱਤਿਆ ਕਰ ਦਿੱਤੀ ਸੀ।

ਇਸ ਦੇ ਅਗਲੇ ਦਿਨ ਲੋਕ ਉਸ ਨੌਜਵਾਨ ਦੀ ਲਾਸ਼ ਨਾਲ ਜ਼ਿਲ੍ਹਾ ਹੈਡਕੁਆਰਟਰ ਪੁੱਜੇ ਤੇ ਤਾਲਿਬਾਨ ਨੂੰ ਹੱਤਿਆ ਦਾ ਕਾਰਨ ਦੱਸਣ ਲਈ ਕਿਹਾ। ਸਥਾਨਕ ਲੋਕਾਂ ਨੇ ਕਿਹਾ ਕਿ ਤਾਲਿਬਾਨ ਨੇ ਜ਼ਿਲ੍ਹਾ ਹੈਡਕੁਆਰਟਰ ਭਵਨ ਸਾਹਮਣੇ ਇਕੱਤਰ ਲੋਕਾਂ ਨੂੰ ਹਵਾਈ ਫਾਇਰਿੰਗ ਕਰ ਕੇ ਭਜਾ ਦਿੱਤਾ। ਨੌਜਵਾਨ ਦੀ ਹੱਤਿਆ ਤੇ ਉਸ ਦੀ ਲਾਸ਼ ਨੂੰ ਬਾਜ਼ਾਰ ਵਿੱਚ ਘੁਮਾਉਣ ਦਾ ਇਹ ਕੇਸ ਅਫਗਾਨਿਸਤਾਨ ਵਿੱਚ ਯੂ ਐੱਨ ਸਹਾਇਤਾ ਮਿਸ਼ਨ (ਯੂ ਐਨ ਏ ਐਮ ਏ) ਵੱਲੋਂ ਤਾਲਿਬਾਨ ਦੀ ਮਨਮਰਜ਼ੀ ਅਤੇ ਮਨੁੱਖੀ ਅਧਿਕਾਰ ਦੀ ਉਲੰਘਣਾ ਬਾਰੇ ਰਿਪੋਰਟ ਜਾਰੀ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਦਾ ਹੈ। ਇਸ ਰਿਪੋਰਟ ਵਿੱਚ ਯੂ ਐਨ ਏ ਐਮ ਏ ਨੇ ਅਫਗਾਨਿਸਤਾਨ ਵਿੱਚ ਤਾਲਿਬਾਨ ਰਾਜ ਦੇ 10 ਮਹੀਨਿਆਂ ਵਿੱਚ ਹੋਏ ਮਨੁੱਖੀ ਅਧਿਕਾਰ ਉਲੰਘਣਾ ਦੇ ਕੇਸਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਹੈ।

# ਪੂਰਬੀ ਕਾਂਗੋ ਵਿੱਚ ਯੂ ਐੱਨ ਵਿਰੋਧੀ ਪ੍ਰਦਰਸ਼ਨਾਂ ਵਿੱਚ 15 ਮੌਤਾਂ



ਕਿਨਸ਼ਾਸਾ, 28 ਜੁਲਾਈ (ਪੋਸਟ ਬਿਊਰੋ)- ਪੂਰਬੀ ਕਾਂਗੋ ਵਿੱਚ ਯੂ ਐੱਨ ਮਿਸ਼ਨ ਦੇ ਖਿਲਾਫ ਬੀਤੇ ਦੋ ਦਿਨਾਂ ਤੋਂ ਚੱਲਦੇ ਪ੍ਰਦਰਸ਼ਨਾਂ ਵਿੱਚ ਘੱਟੋ-ਘੱਟ 15 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਪੰਜਾਹ ਜ਼ਖਮੀ ਹੋ ਗਏ ਹਨ।

ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀਅਤੇਯੂ ਐੱਨ ਨੇ ਪੁਸ਼ਟੀ ਕੀਤੀ ਹੈ ਕਿ ਨਾਰਥ ਕਿਵੂ ਪ੍ਰਾਂਤ ਦੇ ਬੁਟੈਂਬੋ ਵਿੱਚ ਯੂ ਐੱਨ ਸ਼ਾਂਤੀ ਰੱਖਿਆ ਬਲਾਂ ਨਾਲ ਕੰਮ ਕਰਦੇ ਇੱਕ ਸ਼ਾਂਤੀ ਰੱਖਿਅਕ ਤੇ ਦੋ ਕੌਮਾਂਤਰੀ ਪੁਲਸ ਮੁਲਾਜ਼ਮਾਂ ਦੀ ਮੌਤ ਹੋਈ ਤੇ ਇੱਕ ਜ਼ਖਮੀ ਹੋ ਗਿਆ ਹੈ। ਉਸ ਨੇ ਦੱਸਿਆ ਕਿ ਹਮਲਾਵਰਾਂ ਨੇ ਕਾਂਗੋ ਦੇ ਪੁਲਸ ਮੁਲਾਜ਼ਮਾਂ ਤੋਂ ਹਥਿਆਰ ਖੋਹ ਲਏ ਅਤੇ ਯੂ ਐੱਨ ਦੇ ਮੁਲਾਜ਼ਮਾਂ ਉੱਤੇ ਗੋਲੀਆਂ ਚਲਾ ਦਿੱਤੀਆਂ। ਯੂ ਐੱਨ ਦੇ ਉਪ ਬੁਲਾਰਾ ਫਰਹਾਨ ਹੱਕ ਨੇ ਕਿਹਾ ਕਿ ਯੂ ਐੱਨ ਸ਼ਾਂਤੀ ਰੱਖਿਅਕਾਂ ਸਣੇ ਆਮ ਨਾਗਰਿਕਾਂ ਦੇ ਮਾਰੇ ਜਾਣ ਤੇ ਜ਼ਖਮੀ ਹੋਣ ਦੀਆਂ ਖਬਰਾਂ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕੱਲ੍ਹ ਸਵੇਰੇ ਸੈਂਕੜੇ ਹਮਲਾਵਰਾਂ ਨੇ ਗੋਮਾ ਦੇ ਨਾਲ ਨਾਰਥ ਕਿਵੂ ਦੇ ਹੋਰ ਹਿੱਸਿਆਂ ਵਿੱਚ ਯੂ ਐੱਨ ਬਲ ਦੇ ਅੱਡਿਆਂ ਉੱਤੇ ਮੁੜ ਹਮਲਾ ਕੀਤਾ। ਕਾਂਗੋ ਪੁਲਸ ਨੇ ਦੱਸਿਆ ਕਿ ਗੋਮਾ ਵਿੱਚ ਘੱਟੋ-ਘੱਟ ਛੇ ਵਿਅਕਤੀ ਅਤੇ ਬੁਟੈਂਬੋ ਵਿੱਚ ਅੱਠ ਨਾਗਰਿਕਾਂ ਦੀ ਮੌਤ ਹੋਈ ਹੈ। ਇਸ ਤੋਂ ਪਹਿਲਾਂ, ਸਰਕਾਰ ਦੇ ਬੁਲਾਰੇਨੇ ਕਿਹਾ ਕਿ ਸੋਮਵਾਰ ਤਕ ਘੱਟੋ ਘੱਟ ਪੰਜ ਵਿਅਕਤੀ ਮਾਰੇ ਗਏ ਤੇ ਕਰੀਬ ਪੰਜਾਹ ਜਣੇ ਜ਼ਖਮੀ ਹੋਏ ਹਨ।

# ਮਿਆਂਮਾਰ ਸਰਕਾਰ ਵੱਲੋਂ ਪ੍ਰਮੁੱਖ ਲੋਕਤੰਤਰੀ ਕਾਰਕੁੰਨਾਂ ਨੂੰ ਫਾਂਸੀ



ਨੇਪੀਡਾਉ, 28 ਜੁਲਾਈ (ਪੋਸਟ ਬਿਊਰੋ)- ਮਿਆਂਮਾਰ ਦੀ ਜੁੰਟਾ ਸਰਕਾਰ ਨੇ ਚਾਰ ਲੋਕਤੰਤਰੀ ਕਾਰਕੁੰਨਾਂ ਨੂੰ ਫਾਂਸੀ ਦਿੱਤੀ ਹੈ, ਜਿਸ ਵਿੱਚ ਆਂਗ ਸਾਨ ਸੂ ਕੀ ਦੀ ਪਾਰਟੀ ਦਾ ਇੱਕ ਸਾਬਕਾ ਪਾਰਲੀਮੈਂਟ ਮੈਂਬਰ ਵੀ ਹੈ।

ਸਰਕਾਰੀ ਮੀਡੀਆ ਨੇ ਕੱਲ੍ਹ ਖ਼ਬਰ ਦਿੱਤੀ ਕਿ ਸੂ ਕੀ ਦੀ ਨੈਸ਼ਨਲ ਲੀਗ ਫ਼ਾਰ ਡੈਮੋਕਰੇਸੀ (ਐਨ ਐਲ ਡੀ) ਦੇ ਸਾਬਕਾ ਪਾਰਲੀਮੈਂਟ ਮੈਂਬਰ ਫ਼ਿਓ ਜ਼ੇਯਾ ਥੌ, ਜਿਸ ਨੂੰ ਨਵੰਬਰ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਅਤਿਵਾਦ ਵਿਰੋਧੀ ਕਾਨੂੰਨਾਂ ਦੇ ਅਪਰਾਧਾਂ ਲਈ ਜਨਵਰੀ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਪ੍ਰਸਿੱਧ ਲੋਕਤੰਤਰੀ ਕਾਰਕੁੰਨ ਕਯਾਵ ਮਿਨ ਯੂ,ਜਿਸ ਨੂੰ 'ਜਿੰਮੀ' ਕਿਹਾ ਜਾਂਦਾ ਹੈ, ਨੂੰ ਮਿਲਟਰੀ ਟ੍ਰਿਬਿਊਨਲ ਤੋਂ ਇਹੀ ਸਜ਼ਾ ਮਿਲੀ। ਦੋ ਹੋਰ ਆਦਮੀਆਂ ਅਤੇ ਇੱਕ ਔਰਤ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ, ਜਿਨ੍ਹਾਂ ਉੱਤੇ ਉਨ੍ਹਾਂ ਨੇ ਦੋਸ਼ ਲਗਾਇਆ ਸੀ ਕਿ ਉਹ ਯੰਗੂਨ ਵਿੱਚ ਜੁੰਟਾ ਲਈ ਮੁਖਬਰ ਸਨ। ਗਲੋਬਲ ਨਿਊ ਲਾਈਟ ਆਫ਼ ਮਿਆਂਮਾਰ ਅਖ਼ਬਾਰ ਨੇ ਕਿਹਾ ਕਿ ਚਾਰਾਂ ਨੂੰ ਬੇਰਹਿਮੀ ਅਤੇ ਅਣਮਨੁੱਖੀ ਦਹਿਸ਼ਤੀ ਕਾਰਵਾਈਆਂ ਦੀ ਅਗਵਾਈ ਕਰਨ ਲਈ ਫਾਂਸੀ ਦਿੱਤੀ ਗਈ। ਅਖ਼ਬਾਰ ਨੇ ਕਿਹਾ ਕਿ ਚਾਰ ਆਦਮੀਆਂ ਨੂੰ ਕਦੋਂ ਅਤੇ ਕਿਵੇਂ ਮਾ-ਰਿਆ ਗਿਆ ਸੀ, ਇਹ ਦੱਸੇ ਬਿਨਾਂ ਜੇਲ੍ਹ ਦੀ ਪ੍ਰਕਿਰਿਆ ਤਹਿਤ ਫਾਂਸੀ ਦਿੱਤੀ ਗਈ।ਜੁੰਟਾ ਨੇ ਪਿਛਲੇ ਸਾਲ ਸੱਤਾ ਸੰਭਾਲਣ ਪਿੱਛੋਂ ਅਸਹਿਮਤੀ ਉਤੇ ਕਾਰਵਾਈ ਦੇ ਹਿੱਸੇ ਵਜੋਂ ਤਖ਼ਤਾਪਲਟ ਵਿਰੋਧੀ ਦਰਜਨਾਂ ਕਾਰਕੁੰਨਾਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ ਪਰ ਮਿਆਂਮਾਰ ਵਿੱਚ ਦਹਾਕਿਆਂ ਤੋਂ ਫਾਂਸੀ ਨਹੀਂ ਦਿੱਤੀ ਗਈ ਹੈ। ਅੰਤਰਰਾਸ਼ਟਰੀ ਸ਼ਕਤੀਆਂ ਨੇ ਜੁੰਟਾ ਦੀ ਭਾਰੀ ਆਲੋਚਨਾ ਕੀਤੀ ਸੀ, ਜਦੋਂ ਉਨ੍ਹਾਂ ਨੇ ਪਿਛਲੇ ਮਹੀਨੇ ਫਾਂਸੀ ਦੇਣ ਦੇ ਇਰਾਦੇ ਦਾ ਐਲਾਨ ਕੀਤਾ ਸੀ।

# ਪਾਕਿ ਵਿੱਚ ਪਹਿਲੀ ਹਿੰਦੂ ਮਹਿਲਾ ਮਨੀਸ਼ਾ ਰੂਪਤਾ ਡੀ ਐਸ ਪੀ ਬਣੀ



ਪੇਸ਼ਾਵਰ, 28 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਮਨੀਸ਼ਾ ਰੂਪਤਾ ਨੂੰ ਪਹਿਲੀ ਹਿੰਦੂ ਮਹਿਲਾ ਡੀ ਐਸ ਪੀ ਦੇ ਤੌਰ ਉੱਤੇ ਨਿਯੁਕਤ ਕੀਤਾ ਗਿਆ ਹੈ। ਸਿੰਧ ਪਬਲਿਕ ਸਰਵਿਸ ਦੀ ਪ੍ਰੀਖਿਆ ਪਾਸ ਕਰਨ ਅਤੇ ਸਿਖਲਾਈ ਹਾਸਲ ਕਰਨ ਦੇ ਬਾਅਦ ਉਨ੍ਹਾਂ ਨੇ ਇਹ ਪ੍ਰਾਪਤੀ ਹਾਸਲ ਕੀਤੀ ਹੈ।

ਵਰਨਣ ਯੋਗ ਹੈ ਕਿ ਪਾਕਿਸਤਾਨ ਵਿੱਚ ਆਮ ਤੌਰ ਉੱਤੇ ਔਰਤਾਂ ਪੁਲਸ ਸਟੇਸ਼ਨਾਂ ਅਤੇ ਅਦਾਲਤਾਂ ਅੰਦਰ ਨਹੀਂ ਜਾਂਦੀਆਂ। ਇਨ੍ਹਾਂ ਥਾਂਵਾਂ ਨੂੰ ਔਰਤਾਂ ਲਈ ਢੁਕਵਾਂ ਨਹੀਂ ਮੰਨਿਆ ਜਾਂਦਾ, ਇਸ ਲਈ ਲੋੜ ਪੈਣ ਉੱਤੇ ਇੱਥੇ ਆਉਂਦੀਆਂ ਔਰਤਾਂ ਪੁਰਸ਼ਾਂ ਦੇ ਨਾਲ ਆਉਂਦੀਆਂ ਹਨ। ਅਜਿਹੇ ਮਾਹੌਲ ਵਿੱਚ ਮਨੀਸ਼ਾ ਨੇ ਪੁਲਸ ਵਿੱਚ ਭਰਤੀ ਹੋਣ ਦਾ ਫ਼ੈਸਲਾ ਕੀਤਾ। ਉਨ੍ਹਾਂ ਕਿਹਾ ਕਿ ਉਹ ਇਸ ਧਾਰਨਾਂ ਨੂੰ ਬਦਲਣਾ ਚਾਹੁੰਦੀ ਹੈ ਕਿ ਚੰਗੇ ਪਰਵਾਰਾਂ ਦੀਆਂ ਕੁੜੀਆਂ ਥਾਣੇ ਨਹੀਂ ਜਾਂਦੀਆਂ।

ਸਿੰਧ ਜ਼ਿਲ੍ਹੇ ਦੇ ਪਛੜੇ ਅਤੇ ਛੋਟੇ ਜ਼ਿਲ੍ਹੇ ਜਾਕੂਬਾਬਾਦ ਦੀ ਮਨੀਸ਼ਾ ਨੇ ਇੱਥੋਂ ਹੀ ਆਪਣੀ ਪ੍ਰਾਇਮਰੀ ਅਤੇ ਸੈਕੰਡਰੀ ਸਿੱਖਿਆ ਹਾਸਲ ਕੀਤੀ ਸੀ। ਉਸ ਨੇ ਡਾਕਟਰ ਬਣਨ ਦੀ ਕੋਸ਼ਿਸ਼ ਕੀਤੀ, ਪਰ ਸਿਰਫ਼ ਇੱਕ ਨੰਬਰ ਘੱਟ ਹੋਣ ਨਾਲ ਉਨ੍ਹਾਂ ਨੂੰ ਦਾਖ਼ਲਾ ਨਹੀਂ ਮਿ-ਲਆ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਡਾਕਟਰ ਆਫ ਫਿਜ਼ੀਕਲ ਥੈਰੇਪੀ ਦੀ ਡਿਗਰੀ ਲਈ। ਉਨ੍ਹਾਂ ਨਾ ਸਿਰਫ਼ ਇਸ ਪ੍ਰੀਖਿਆ ਵਿੱਚ ਕਾਮਯਾਬੀ ਹਾਸਲ ਕੀਤੀ, ਸਗੋਂ 438 ਸਫ਼ਲ ਬਿਨੈਕਾਰਾਂ ਵਿੱਚੋਂ 16ਵਾਂ ਰੈਂਕ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਪੁਲਸ ਦੇ ਪੇਸ਼ੇ ਨੂੰ ਔਰਤਾਂ ਨਾਲ ਜੋੜਨ ਦੀ ਕੋਸ਼ਿਸ਼ ਕਰਨਾ ਸੀ।

# ਮਿਆਮੀ ਜਾ ਰਹੀ ਪ੍ਰਵਾਸੀਆਂ ਦੀ ਕਿਸ਼ਤੀ ਪਲਟੀ, 17 ਮੌਤਾਂ



ਮੈਕਸੀਕੋ ਸਿਟੀ, 28 ਜੁਲਾਈ (ਪੋਸਟ ਬਿਊਰੋ)- ਬਹਾਮਾਸ ਨੇੜੇ ਕੱਲ੍ਹ ਤੜਕੇ ਹੈਤੀ ਸ਼ਰਨਾਰਥੀ ਲੈ ਕੇ ਜਾਂਦੀ ਕਿਸ਼ਤੀ ਪਲਟ ਜਾਣ ਕਾਰਨ ਘੱਟੋ-ਘੱਟ 17 ਲੋਕਾਂ ਦੀ ਮੌਤ ਹੋ ਗਈ, ਪਰ 25 ਹੋਰਾਂ ਨੂੰ ਬਚਾਅ ਲਿਆ ਗਿਆ।

ਇਹ ਕਿਸ਼ਤੀ ਨਿਊ ਪ੍ਰੋਵੀਡੈਂਸ ਤੋਂ ਕਰੀਬ ਸੱਤ ਮੀਲ ਦੂਰ ਪਲਟ ਗਈ। ਪ੍ਰਧਾਨ ਮੰਤਰੀ ਫਿਲਿਪ ਬ੍ਰੇਵ ਡੇਵਿਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਮ੍ਰਿਤਕਾਂ ਵਿੱਚ 15 ਔਰਤਾਂ, ਇੱਕ ਪੁਰਸ਼ ਅਤੇ ਇੱਕ ਬੱਚਾ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਬਚਾਏ ਗਏ ਲੋਕ ਸਿਹਤ ਵਿਭਾਗ ਦੀ ਨਿਗਰਾਨੀ ਹੇਠ ਹਨ। ਡੇਵਿਸ ਨੇ ਕਿਹਾ ਕਿ ਜਾਂਚਕਰਤਾਵਾਂ ਦੇ ਅਨੁਸਾਰ ਦੋਹਰੇ ਇੰਜਣ ਵਾਲੀ ਕਿਸ਼ਤੀ ਸਾਫ ਤੌਰ ਉਤੇ ਕੱਲ੍ਹ ਦੁਪਹਿਰੇ ਇੱਕ ਵਜੇ ਦੇ ਕਰੀਬ ਬਹਾਮਾਸ ਤੋਂ ਮਿਆਮੀ ਲਈ ਰਵਾਨਾ ਹੋਈ, ਜਿਸ ਵਿੱਚ ਘੱਟੋ-ਘੱਟ 60 ਲੋਕ ਸਵਾਰ ਸਨ। ਉਨ੍ਹਾਂ ਕਿਹਾ ਕਿ ਇਹ ਪਤਾ ਲਾਉਣ ਲਈ ਅਪਰਾਧਕ ਜਾਂਚ ਸ਼ੁਰੂ ਕੀਤੀ ਗਈ ਹੈ ਕਿ ਕੀ ਇਹ ਮਨੁੱਖੀ ਤਸਕਰੀ ਦਾ ਮਾਮਲਾ ਤਾਂ ਨਹੀਂ। ਡੇਵਿਸ ਨੇ ਕਿਹਾ,''ਸਾਡੀ ਸਰਕਾਰ ਅਤੇ ਬਹਾਮਾਸ ਦੇ ਲੋਕਾਂ ਵੱਲੋਂ ਮੈਂ ਇਸ ਦੁਖਾਂਤ ਦੇ ਮ੍ਰਿਤਕਾਂ ਦੇ ਪਰਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕਰਦਾ ਹਾਂ। ਸੱਤਾ ਵਿੱਚ ਆਉਣ ਵੇਲੇ ਤੋਂ ਹੀ ਮੇਰੀ ਸਰਕਾਰ ਇਨ੍ਹਾਂ ਯਾਤਰਾਵਾਂ ਵਿਰੁੱਧ ਚੇਤਾਵਨੀ ਦੇ ਰਹੀ ਹੈ।'' ਹੈਤੀ ਵਿੱਚ ਕਤਲਾਂ , ਅਗਵਾ ਅਤੇ ਵੱਖ-ਵੱਖ ਗੈਂਗ ਹਿੰਸਾਵਾਂ ਵਿੱਚ ਵਾਧਾ ਹੋਣ ਕਾਰਨ ਵੱਡੀ ਗਿਣਤੀ ਵਿੱਚ ਲੋਕ ਦੇਸ਼ ਛੱਡ ਰਹੇ ਹਨ।

# ਤਾਲਿਬਾਨ ਵੱਲੋਂ ਦੇਸ਼ ਛੱਡ ਗਏ ਹਿੰਦੂਆਂ-ਸਿੱਖਾਂ ਨੂੰ ਵਾਪਸੀ ਦੀ ਅਪੀਲ



ਕਾਬੁਲ, 28 ਜੁਲਾਈ (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਅਸਥਿਰਤਾ ਦੇ ਦੌਰ ਤਾਲਿਬਾਨ ਨੇ ਪਹਿਲੀ ਵਾਰ ਗ਼ੈਰ-ਮੁਸਲਮਾਨਾਂ ਨਾਲ ਇੱਕ ਵੱਡਾ ਵਾਅਦਾ ਕੀਤਾ ਹੈ ਅਤੇ ਦੇਸ਼ ਛੱਡ ਗਏ ਹਿੰਦੂਆਂ ਅਤੇ ਸਿੱਖਾਂ ਨੂੰ ਅਫ਼ਗ਼ਾਨਿਸਤਾਨ ਪਰਤਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਅਫ਼ਗ਼ਾਨਿਸਤਾਨ ਵਿੱਚ ਸੁਰੱਖਿਆ ਸਥਿਤੀ ਸੁਲਝ ਗਈ ਹੈ, ਇਸ ਲਈ ਉਨ੍ਹਾਂ ਨੇ ਘੱਟ ਗਿਣਤੀ ਹਿੰਦੂਆਂ ਅਤੇ ਸਿੱਖਾਂ ਨੂੰ ਦੇਸ਼ ਪਰਤ ਆਉਣਾ ਚਾਹੀਦਾ ਹੈ।

ਇਹ ਬਿਆਨ ਤਾਲਿਬਾਨ ਦੇ ਮੰਤਰੀ ਡਾ. ਮੁੱਲਾ ਅਬਦੁਲ ਵਾਸੀ ਦੇ ਦਫ਼ਤਰ ਦੇ ਡਾਇਰੈਕਟਰ ਜਨਰਲ ਦੀ 24 ਜੁਲਾਈ ਨੂੰ ਅਫ਼ਗ਼ਾਨਿਸਤਾਨ ਦੀ ਹਿੰਦੂ ਅਤੇ ਸਿੱਖ ਕੌਂਸਲ ਦੇ ਕਈ ਮੈਂਬਰਾਂ ਨਾਲ ਮੁਲਾਕਾਤ ਕਰਨ ਪਿੱਛੋਂ ਆਇਆ ਹੈ। ਅਫ਼ਗ਼ਾਨਿਸਤਾਨ ਦੇ ਚੀਫ਼ ਆਫ਼ ਸਟਾਫ਼ ਦੇ ਦਫ਼ਤਰ ਨੇ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਹੈ।ਵਾਸੀ ਨੇ ਕਾਬੁਲ ਵਿੱਚ ਹਿੰਦੂ ਤੇ ਸਿੱਖ ਆਗੂਆਂ ਦੇ ਇੱਕ ਵਫ਼ਦ ਨਾਲ ਮੁਲਾਕਾਤ ਮੌਕੇ ਕਿਹਾ ਕਿਸੁਰੱਖਿਆ ਸਮੱਸਿਆਵਾਂ ਕਾਰਨ ਜਿਹੜੇ ਹਿੰਦੂ ਅਤੇ ਸਿੱਖਦੇਸ਼ ਛੱਡ ਕੇ ਚਲੇ ਗਏ ਸਨ, ਉਹ ਅਫ਼ਗਾਨਿਸਤਾਨ ਆ ਸਕਦੇ ਹਨ ਕਿਉਂਕਿ ਦੇਸ਼ ਵਿੱਚ ਸੁਰੱਖਿਆ ਸਥਾਪਤ ਹੋ ਚੁੱਕੀ ਹੈ। ਤਾਲਿਬਾਨ ਦੇ ਇੱਕ ਬਿਆਨ ਅਨੁਸਾਰ ਸਿੱਖ ਆਗੂਆਂ ਨੇ ਕਾਬੁਲ ਦੇ ਗੁਰਦੁ-ਆਰੇ ਉਤੇ ਇਸਲਾਮਿਕ ਸਟੇਟ ਖੋਰਾਸਾਨ ਦੇ ਹਮਲੇ ਰੋਕਣ ਲਈ ਤਾਲਿਬਾਨ ਦਾ ਧੰਨਵਾਦ ਕੀਤਾ। ਸੂਤਰ ਦੱਸਦੇ ਹਨ ਕਿ ਗ੍ਰਿਹ ਮੰਤਰਾਲੇ ਦੇ ਇੱਕ ਉਚ ਪੱਧਰੀ ਵਫ਼ਦ ਨੇ ਪੀੜਤ ਪਰਵਾਰਾਂ ਨਾਲ ਹਮਦਰਦੀ ਲਈ ਗੁਰਦੁਆਰੇ ਦੇ ਕਈ ਦੌਰੇ ਕੀਤੇ। ਰਾਜਧਾਨੀ ਦੇ ਬਾਕੀ ਬਚਦੇ ਸਿੱਖਾਂ ਨੇ ਗੁਰਦੁ-ਆਰੇ ਦੇ ਨੁਕਸਾਨ ਦਾ ਮੁਲਾਂਕਣ ਕਰਨ ਲਈ ਇੱਕ ਤਕਨੀਕੀ ਟੀਮ ਵੀ ਰਵਾਨਾ ਕੀਤੀ ਸੀ। ਪਤਾ ਲੱਗਾ ਹੈ ਕਿ ਤਾਲਿਬਾਨ ਸਰਕਾਰ ਇਮ-ਾਰਤ ਦੇ ਨਵੀਨੀਕਰਨ ਲਈ 75 ਲੱਖ ਅਫ਼ਗਾਨੀ ਰਾਸ਼ੀ ਖ਼ਰਚ ਕਰੇਗੀ।

## ਵੱਡੇ ਭੈਣ-ਭਰਾ ਲੀਡਰ ਅਤੇ ਆਤਮਵਿਸ਼ਵਾਸੀ ਹੁੰਦੇ ਹਨ, ਛੋਟੇ ਖੋਜ ਵਿੱਚ ਰੁਚੀ ਵਾਲੇ

ਬੋਸਟਨ, 28 ਜੁਲਾਈ (ਪੋਸਟ ਬਿਊਰੋ)- ਪਰਵਾਰ ਵਿੱਚ ਵੱਡੇ ਭੈਣ-ਭਰਾ ਹਮੇਸ਼ਾ ਆਤਮਵਿਸ਼ਵਾਸੀ ਅਤੇ ਆਟੋਨਾਮਸ ਹੁੰਦੇ ਹਨ, ਪਰ ਛੋਟੇ ਭੈਣ-ਭਰਾ ਖੋਜੀ ਜੀਵਨ ਜੀਉਣ ਵਿੱਚ ਵੱਧ ਵਿਸ਼ਵਾਸ ਰੱਖਦੇ ਹਨ। ਬੋਸਟਨ ਦੀ ਨਾਰਥ ਈਸਟਰਨ ਯੂਨੀਵਰਸਿਟੀ ਵਿੱਚ ਮਨੋਵਿ-ਗਆਨ ਦੀ ਪ੍ਰੋਫੈਸਰ ਲੌਰੀ ਕਰਾਮਰ ਨੇ ਬੱਚਿਆਂ ਦੇ ਜਨਮ ਦੇ ਕ੍ਰਮ ਦੇ ਪ੍ਰਭਾਵ ਸਮਝਣ ਲਈ ਇੱਕ ਖੋਜ ਕੀਤੀ ਤਾਂ ਪਤਾ ਲੱਗਾ ਕਿ ਜਨਮ ਦਾ ਕ੍ਰਮ ਅਗਵਾਈ ਕਰਨ ਦੇ ਗੁਣਾਂ ਨੂੰ ਪ੍ਰਭਾਵਤ ਕਰ ਸਕਦਾ ਹੈ, ਪਰ ਛੋਟੇ ਅਤੇ ਵੱਡੇ ਭੈਣ-ਭਰਾਵਾਂ ਨਾਲ ਜੁੜੇ ਗੁਣ ਅਲੱਗ ਹੁੰਦੇ ਹਨ। ਪਰਵਾਰ ਵਿੱਚ ਸਭ ਤੋਂ ਵੱਡੇ ਭਰਾ-ਭੈਣ ਵਿੱਚ ਲੀਡਰਸ਼ਿਪ ਕੁਆਲਿਟੀ ਵੱਧ ਹੁੰਦੀ ਹੈ। ਉਹ ਬਿਹਤਰ ਅਗਵਾਈ ਕਰ ਸਕਦੇ ਹਨ। ਪਰਵਾਰ ਦੇ ਮਾਹੌਲ ਅਤੇ ਬੱਚਿਆਂ ਦੀ ਸੰਭਾਲ ਉੱਤੇ ਇਹ ਨਿਰਭਰ ਹੁੰਦਾ ਹੈ।


ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION



Tri-City Professional Realty Inc., Brokerage.
The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Tel: 905.793.5777

Avtar Singh Tiwana
Sales Representative
416.802.5866

31 Melanie Dr. Unit #4 Brampton, ON L6T 5H8

SOLD $1,399,999 CASTLEMORE/GOREWAY

SOLD $1,749,900 8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD $1,950,000 26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

# ਸਾਊਥਾਲ 'ਚ ਤੀਆਂ ਮੌਕੇ ਜੁੜ ਰਹੇ ਹਨ ਪੰਜਾਬਣਾਂ ਦੇ ਵੱਡੇ ਇਕੱਠ

ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਬਰਤਾਨੀਆ ਦਾ ਸ਼ਹਿਰ ਸਾਊਥਾਲ ਹੁਣ 'ਪੰਜਾਬੀ ਪਿੰਡ' ਬਣਿਆ ਹੋਇਆ ਹੈ। ਆਏ ਦਿਨ ਕੋਈ ਨਾ ਕੋਈ ਮੇਲਾ, ਤਿੱਥ ਤਿਉਹਾਰ ਪੰਜਾਬ ਰੰਗਤ 'ਚ ਮਨਾਇਆ ਜਾਂਦਾ ਨਜ਼ਰੀਂ ਪੈਂਦਾ ਹੈ। ਹੁਣ ਪੰਜਾਬ 'ਚ ਤੀਆਂ ਬੇਸ਼ੱਕ ਟਾਂਵੀਆਂ ਟਾਂਵੀਆਂ ਥਾਂਵਾਂ 'ਤੇ ਲਗਦੀਆਂ ਹੋਣ, ਪਰ ਬਰਤਾਨੀਆ ਦੇ ਲਗਭਗ ਹਰ ਸ਼ਹਿਰ ਵਿੱਚ ਤੀਆਂ ਮਨਾਈਆਂ ਜਾਂਦੀਆਂ ਹਨ। ਸਾਊਥਾਲ ਦੀਆਂ ਤੀਆਂ ਦਾ ਆਪਣਾ ਵੱਖਰਾ ਮੁਕਾਮ ਹੈ। ਵੋਇਸ ਆਫ ਵੂਮੈਨ ਸੰਸਥਾ ਅਤੇ ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਵੱਲੋਂ ਸਾਂਝੇ ਤੌਰ 'ਤੇ ਮਨਾਈਆਂ ਜਾਂਦੀਆਂ ਤੀਆਂ ਵਿੱਚ ਲਗਾਤਾਰ ਚਾਰ ਐਤਵਾਰ ਪੰਜਾਬਣਾਂ ਗਿੱਧੇ ਵਿੱਚ ਧੂੜ੍ਹਾਂ ਪੁੱਟਣ ਆਉਂਦੀਆਂ ਹਨ। ਪਿਛਲੇ ਹਫਤੇ ਤੋਂ ਸ਼ੁਰੂ ਹੋਈਆਂ ਤੀਆਂ 14 ਅਗਸਤ ਨੂੰ ਵਿੱਝੜ ਜਾਣਗੀਆਂ। ਨੌਰਵੁੱਡ ਹਾਲ ਸਾਊਥਾਲ ਵਿਖੇ ਹੋਈਆਂ ਤੀਆਂ ਦੇ ਉਦਘਾਟਨ ਦੀ ਰਸਮ ਕੌਂਸਲਰ ਜਸਬੀਰ ਕੌਰ ਆਨੰਦ ਨੇ ਅਦਾ ਕੀਤੀ। ਵੋਇਸ ਆਫ ਵੂਮੈਨ ਦੀ ਚੇਅਰਪਰਸਨ ਸੁਰਿੰਦਰ ਕੌਰ, ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਵੱਲੋਂ ਸ਼ਿਵਦੀਪ ਕੌਰ ਢੇਸੀ ਤੇ ਅਵਤਾਰ ਕੌਰ ਵੱਲੋਂ ਤੀਆਂ ਵਿੱਚ ਪਹੁੰਚੀਆਂ ਪੰਜਾਬਣਾਂ ਨੂੰ ਹਾਰਦਿਕ ਜੀ ਆਇਆਂ ਕਿਹਾ ਗਿਆ। ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਸੁਰਿੰਦਰ ਕੌਰ ਤੇ ਸ਼ਿਵਦੀਪ ਕੌਰ ਢੇਸੀ ਨੇ ਕਿਹਾ ਕਿ ਤੀਆਂ ਵਿਦੇਸ਼ਾਂ 'ਚ ਜੰਮੀਆਂ ਧੀਆਂ ਨੂੰ ਆਪਣੇ ਅਮੀਰ ਵਿਰਸੇ ਤੇ ਲੋਕ ਨਾਚ ਗਿੱਧੇ ਬਾਰੇ ਜਾਣਕਾਰੀ ਦੇਣ ਦਾ ਅਹਿਮ ਜਰੀਆ ਬਣਦੀਆਂ ਹਨ। ਉਹਨਾਂ ਕਿਹਾ ਕਿ ਭਾਈਚਾਰੇ ਦੇ ਸਹਿਯੋਗ ਨਾਲ ਹੁੰਦੀਆਂ ਇਹਨਾਂ ਤੀਆਂ ਵਿੱਚ ਹਰ ਵਰ੍ਹੇ ਹੋਰ ਵਧੇਰੇ ਹੋਰ ਨਿਖਾਰ ਆਉਂਦਾ ਜਾ ਰਿਹਾ ਹੈ।








# ਇਕਾਂਤ ਤੇ ਇਕਲਾਪਾ

**-ਜਗਦੀਸ਼ ਕੌਰ ਮਾਨ-**

ਉਸ ਸਮੇਂ ਬੀ ਏ ਭਾਗ ਦੂਜਾ ਦੀ ਵਿਦਿਆਰਥਣ ਸਾਂ। ਅੰਗਰੇਜ਼ੀ ਦਾ ਪੀਰੀਅਡ ਸੀ। ਪ੍ਰੋਫੈਸਰ ਬਹੁਤ ਪਿਆਰੀ ਕਵਿਤਾ Solitude ਪੜ੍ਹਾ ਰਹੇ ਸਨ। ਇਸ ਕਵਿਤਾ ਦੀ ਰਚੇਤਾ Ella Wheeler Wilcox ਹੈ। ਅਸੀਂ ਬੜੀ ਦਿਲਚਸਪੀ ਨਾਲ ਸਾਰੇਕਵਿਤਾ ਦਾ ਆਨੰਦ ਮਾਣ ਰਹੇ ਸਾਂ ਕਿ ਇੱਕ ਮੁੰਡੇ ਨੇ ਖੜ੍ਹੇ ਹੋ ਕੇ ਅਚਾਨਕ ਹੀ ਪ੍ਰੋਫੈਸਰ ਨੂੰ ਸਵਾਲ ਕਰ ਦਿੱਤਾ, ''ਸਰ! Solitude ਅਤੇ Loneliness ਵਿੱਚ ਕੀ ਫਰਕ ਹੁੰਦੈ?'' ਪ੍ਰੋਫੈਸਰ ਨੇ ਇਸ ਸਵਾਲ ਦਾ ਜਵਾਬ ਇੰਨੇ ਵਿਸਥਾਰ ਅਤੇ ਦਿਲਚਸਪ ਢੰਗ ਨਾਲ ਦਿੱਤਾ ਕਿ ਸਾਨੂੰ ਕਵਿਤਾ ਦੀਆਂ ਸਤਰਾਂ ਭੁੱਲ ਗਈਆਂ ਕਿ ਕਿੰਨੀਆਂ ਕੁ ਪੜ੍ਹ ਲਈਆਂ ਹਨ ਤੇ ਕਿੰਨੀਆਂ ਕੁ ਬਾਕੀ ਰਹਿੰਦੀਆਂ ਹਨ ਤੇ ਇਸ ਕਵਿਤਾ ਦਾ ਕੇਂਦਰੀ ਭਾਵ ਕੀ ਹੈ? ਉਂਝ ਪ੍ਰੋਫੈਸਰ ਦੀ ਵਿਆਖਿਆ ਦਾ ਅੱਖਰ ਅੱਖਰ ਅਜੇ ਤੱਕ ਯਾਦ ਹੈ। ਉਨ੍ਹਾਂ ਦੱਸਿਆ ਕਿ ਜਦੋਂ ਕੋਈ ਬੰਦਾ ਇਕੱਲਾ ਹੋਵੇ, ਇਕੱਲਤਾ ਉਸ ਨੂੰ ਤੜਫਾ ਰਹੀ ਹੋਵੇ, ਉਚਾਟ ਹੋਇਆ ਮਨ ਕਿਸੇ ਵੀ ਕੰਮ ਵਿੱਚ ਨਾ ਲੱਗ ਰਿਹਾ ਹੋਵੇ, ਜਦੋਂ ਕਰਨ ਲਈ ਕੋਈ ਕੰਮ ਹੀ ਨਾ ਅਹੁੜਦਾ ਹੋਵੇ, ਪਰ ਅਕਾਊ ਥਕਾਊ ਵਿਹਲ ਤੋਂ ਉਹ ਬੇਹੱਦ ਬੇਚੈਨੀ ਮਹਿਸੂਸ ਕਰ ਰਿਹਾ ਹੋਵੇ, ਇਕੱਲਤਾ ਉਸ ਨੂੰ ਨਾ ਸਿਰਫ ਵੱਢ ਵੱਢ ਖਾਂਦੀ ਹੋਵੇ ਸਗੋਂ ਉਸ ਵਾਸਤੇ ਸਰਾਪ ਬਣ ਰਹੀ ਹੋਵੇ, ਕਿਸੇ ਅਣਸੁਖਾਵੀਂ ਘਟਨਾ ਵਾਪਰਨ ਦੀ ਫਜ਼ੂਲ ਜਿਹੀ ਚਿੰਤਾ ਮਨ ਵਿੱਚ ਆਲ੍ਹਣਾ ਪਾ ਬੈਠੀ ਹੋਵੇ, ਜੀਅ ਨਾ ਲੱਗਣ ਕਾਰਨ ਦਿਲ ਕਿਸੇ ਮਿੱਤਰ ਪਿਆਰੇ ਨੂੰ ਮਿਲਣ ਦੀ ਤਾਂਘ ਨਾਲ ਵਿਲਕਦਾ ਹੋਵੇ, ਮਨ ਦੀ ਉਸ ਅਵਸਥਾ ਨੂੰ Loneliness (ਇਕਲਾਪਾ) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਮਨ ਦੀ ਬੇਚੈਨੀ ਭਰੀ ਅਸ਼ਾਂਤ ਅਵਸਥਾ ਹੁੰਦੀ ਹੈ, ਉਦਾਸੀ ਰੋਗ ਦਿਲ ਦਿਮਾਗ ਉੱਤੇ ਹਾਵੀ ਹੋ ਰਿਹਾ ਹੁੰਦਾ ਹੈ। ਇਹੋ ਜਿਹੀ ਅਵਸਥਾ ਮਨੁੱਖ ਦੀ ਮਾਨਸਿਕ ਸਿਹਤ ਵਾਸਤੇ ਬਹੁਤ ਦੁਖਦਾਈ ਹੁੰਦੀ ਹੈ।

ਇਹ ਕਹਿੰਦਿਆਂ ਪ੍ਰੋਫੈਸਰ ਨੇ ਸਾਡੇ ਸਭ ਦੇ ਚਿਹਰਿਆਂ ਉੱਤੇ ਘੋਖਵੀਂ ਜਿਹੀ ਨਜ਼ਰ ਮਾਰੀ, ਸ਼ਾਇਦ ਇਹ ਤਸੱਲੀ ਕਰਨ ਵਾਸਤੇ ਕਿ ਜੋ ਕੁਝ ਉਹ ਬੋਲ ਰਹੇ ਹਨ, ਅਸੀਂ ਸਮਝ ਵੀ ਰਹੇ ਹਾਂ ਕਿ ਨਹੀਂ। ਥੋੜ੍ਹਾ ਰੁਕ ਕੇ ਦੁਬਾਰਾ ਬੋਲੇ, ''ਇਸ ਤੋਂ ਉਲਟ ਜਦੋਂ ਅਸੀਂ ਇਕੱਲੇ ਹੋਈਏ, ਪਰ ਮਨ ਹੁਲਾਸ ਨਾਲਪੈਲ ਪਾਉਂਦੇ ਮੋਰ ਵਾਂਗ ਝੂਮ ਰਿਹਾ ਹੋਵੇ, ਪੂਰੀ ਤਰ੍ਹਾਂ ਸ਼ਾਂਤ ਚਿੱਤ ਤੇ ਅਡੋਲ ਹੋਈਏ, ਮਨ ਸੱਜਰੇ ਖਿੜੇ ਗੁਲਾਬ ਦੇ ਫੁੱਲ ਵਾਂਗ ਆਪ ਮੁਹਾਰੇ ਮੁਸਕਰਾ ਰਿਹਾ ਹੋਵੇ, ਕਿਸੇ ਵੀ ਕਿਸਮ ਦਾ ਫਿਕਰ ਫਾਕਾ ਸਾਡੇ ਨੇੜੇ ਤੇੜੇ ਨਾ ਹੋਵੇ, ਇਹ ਅਹਿਸ-ਾਸ ਹੀ ਨਾ ਹੁੰਦਾ ਹੋਵੇ ਕਿ ਅਸੀਂ ਇਕੱਲੇ ਹਾਂ, ਸਾਡੇ ਕੋਲ ਕੋਈ ਜੀਅ ਲਵਾਉਣ ਵਾਲਾ ਹੋਣਾ ਚਾਹੀਦਾ ਹੈ। ਜਿਹੜਾ ਕੰਮ ਅਸੀਂ ਕਰਦੇ ਹੋਈਏ, ਉਸ ਦਾ ਭਰਪੂਰ ਆਨੰਦ ਮਾਣ ਰਹੇ ਹੋਈਏ ਭਾਵੇਂ ਸਿਉਂਤੇ ਹੋਏ ਕੱਪੜੇ ਉਧੇੜ ਕੇ ਫਿਰ ਕਿਉਂ ਨਾ ਸਿਉਂ ਰਹੇ ਹੋਈਏ, ਉਦਰੇਵਾਂ ਸਾਥੋਂ ਕੋਹਾਂ ਦੂਰ ਹੋਵੇ। ਇਕਾਂਤਵਾਸ ਦਾ ਲੁਤਫ ਮਾਣਦੇ ਹੋਏ ਅਸੀਂ ਖੁਸ਼ੀ ਨਾਲ ਖੀਵੇ ਹੋ ਹੋ ਜਾਈਏ, ਉਸ ਨੂੰ Solitude (ਇਕਾਂਤਵਾਸ) ਕਿਹਾ ਜਾਂਦਾ ਹੈ।

ਵਿਦਿਆਰਥੀ ਦੇ ਸਵਾਲ ਦਾ ਜਵਾਬ ਦੇ ਕੇ ਪ੍ਰੋਫੈਸਰ ਸਾਹਿਬ ਫਿਰ ਕਵਿਤਾ ਪੜ੍ਹਾਉਣ ਰੁੱਝ ਗਏ। ਇਸ ਵਿਖਿਆਨ ਦਾ ਵਾਹਵਾ ਅਸਰ ਹੋਇਆ। ਉਦੋਂ ਨਿਆਣਮੱਤ ਵੀ ਸੀ। ਇਹੋ ਜਿਹੀਆਂ ਬਰੀਕੀਆਂ ਦੀ ਬਹੁਤੀ ਸੋਝੀ ਨਹੀਂ ਸੀ।



ਅੱਜਕੱਲ੍ਹ ਸੋਚੀਦਾ, ਬਈ ਇਹ ਚੰਚਲ ਮਨ ਤਾਂ ਸਮੁੰਦਰ ਤੋਂ ਵੀ ਡੂੰਘਾ ਹੈ, ਇਸ ਦੀਆਂ ਕਲਾਬਾਜ਼ੀਆਂ ਦੀ ਥਾਹ ਕੋਈ ਅੱਜ ਤੱਕ ਨਹੀਂ ਪਾ ਸਕਿਆ। ਇਹ ਕਦੇ ਤੋਲਾ ਕਦੇ ਮਾਸਾ, ਇਕੱਲਤਾ ਤੇ ਇਕਾਂਤਵਾਸ ਇਸ ਕਲਪਨਾ ਦੇ ਸੌਦਾਗਰ ਮਨ ਦੀਆਂ ਕਾਢਾਂ ਹਨ। ਕਦੇ ਜੀਅ ਕਰਦਾ ਹੈ ਕਿ ਕੰਮ ਕਰੀ ਜਾਈਏ, ਕਰੀ ਜਾਈਏ, ਥਕਾਵਟ ਮਹਿਸੂਸ ਨਹੀਂ ਹੁੰਦੀ, ਕਦੇ ਡੱਕਾ ਭੰਨ ਕੇ ਦੂਹਰਾ ਕਰਨ ਨੂੰ ਜੀਅ ਨਹੀਂ ਕਰਦਾ। ਕਈ ਵਾਰੀ ਬਗੈਰ ਕੋਈ ਕੰਮ ਕੀਤਿਆਂ ਹੀ ਥੱਕੇ ਟੁੱਟੇ ਮਹਿਸੂਸ ਕਰਦੇ ਹਾਂ। ਇਨ੍ਹਾਂ ਸਾਰੀਆਂ ਅਵਸਥਾਵਾਂ ਨੂੰ ਅਸੀਂ ਪੜ੍ਹਿਆਂ ਲਿਖਿਆਂ ਨੇ ਮੂਡ ਦਾ ਨਾਂਅ ਦਿੱਤਾ ਹੋਇਆ ਹੈ। ਜਦੋਂ ਮੂਡ ਵਿਗੜਿਆ ਹੋਵੇ, ਉਦੋਂ ਅਸੀਂ ਸੋਚਦੇ ਰਹਿ ਜਾਂਦੇ ਹਾਂ ਕਿ ਅੱਜ ਪਤਾ ਨਹੀਂ ਕੀ ਕਾਰਨ ਹੈ, ਕਿਤੇ ਜੀਅ ਜਿਹਾ ਹੀ ਨਹੀਂ ਲੱਗਦਾ।

ਗੰਭੀਰ ਸੋਚ ਵਾਲੇ ਬੰਦਿਆਂ ਨੂੰ ਸਦਾ ਰੁੱਝੇ ਰਹਿਣ ਦੀ ਆਦਤ ਹੁੰਦੀ ਹੈ। ਉਹ ਪਸ਼ੇਮਾਨ ਹੋਏ ਮਨ ਨੂੰ ਆਹਰੇ ਲਾਉਣ ਦੀ ਕੋਈ ਨਾ ਕੋਈ ਜੁਗਤ ਕੱਢ ਲੈਂਦੇ ਹਨ। ਜਦੋਂ ਉਦਾਸ ਮਨ ਨਿੱਕੇ ਨਿੱਕੇ ਆਹਰਾਂ ਵਿੱਚ ਲੱਗ ਜਾਵੇ ਤਾਂ ਇਸ ਨੂੰ ਉਹ ਸਮੱਸਿਆ ਭੁੱਲ ਜਾਂਦੀ ਹੈ ਜਿਸ ਕਰ ਕੇ ਪਰੇਸ਼ਾਨ ਸੀ। ਸਕਾਰਾਤਮਕ ਸੋਚ ਤੇ ਨਿੱਗਰ ਇੱਛਾ ਸ਼ਕਤੀ ਇਕਲਾਪਾ ਪਾਰ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਲਗਾਤਾਰ ਦੁਸ਼ਵਾਰੀਆਂ ਨਾਲ ਜੂਝਦੇ ਰਹਿਣ ਕਾਰਨ ਕੋਈ ਵੇਲਾ ਸੀ ਜਦੋਂ ਮੈਂ ਵੀ ਢੇਰੀ ਢਾਹ ਬੈਠੀ ਸਾਂ, ਕੁਝ ਕਰਨ ਨੂੰ ਦਿਲ ਨਹੀਂ ਸੀ ਕਰਦਾ। ਮਨ ਹਰ ਵਕਤ ਉਦਾਸ ਤੇ ਬੁਝਿਆਂ ਰਹਿੰਦਾ। ਖਿਝੇ ਰਹਿਣਾ ਮੇਰਾ ਸੁਭਾਅ ਬਣ ਗਿਆ ਸੀ। ਫਿਰ ਲਿਖਣ ਪੜ੍ਹਨ ਦਾ ਪੁਰਾਣਾ ਸ਼ੌਕ ਮਨ ਵਿੱਚ ਜਾਗ ਪਿਆ ਤੇ ਮੈਂ ਦੁਬਾਰਾ ਕਲਮ ਚੁੱਕ ਲਈ। ਬਹੁਤ ਸਾਧਾਰਨ ਸ਼ਬਦਾਂ ਵਿੱਚ ਆਪਣੇ ਮਨ ਦੇ ਵਲਵਲੇ ਲਿਖ ਕੇ ਦੱਸਦੀ ਰਹਿੰਦੀ ਹਾਂ। ਆਪਣੇ ਪਸੰਦੀਦਾ ਕੰਮ ਵਿੱਚ ਲੱਗੀ ਹੋਈ ਇਕਾਂਤਵਾਸ ਦਾ ਆਨੰਦ ਮਾਣਦੀ ਹਾਂ ਤੇ 'ਵਿਹਲਾ ਮਨ ਟਕਸਾਲ ਦੀ ਜੜ੍ਹ' ਵਰਗੀ ਅਲਾਮਤ ਤੋਂ ਬਚ ਜਾਂਦੀ ਹਾਂ।

KNOW INDIA PROGRAMME (KIP) 2022-23

60th KIP
25 August - 14 September, 2022
Last date to register : 19 07-2022
Partner State : Goa

61st KIP
26 September - 16 October, 2022
Last date to register : 19-08-2022
Partner State : Gujarat

62nd KIP
01 November - 21 November, 2022
Last date to register : 23-09-2022
Partner State : Rajasthan

TO LEARN MORE ABOUT OUR PLAN AND TO REGISTER, VISIT
HTTPS://KIP.GOV.IN

@OIA_MEA
@OverseasIndianAffairs

## ਸੋਨੇ ਦੇ ਪਿੰਜਰੇ ਵਿੱਚ ਇੱਕ ਹੋਰ ਦਿਨ



ਅਭੀਰਾਜ ਸਿੰਘ ਗੋਦਾਰਾ
ਜਮਾਤ ਸੱਤਵੀਂ
ਕਾਂਨਵੈਂਟ ਸਕੂਲ, ਬਠਿੰਡਾ

ਹਰ ਰੋਜ਼ ਸਵੇਰੇ ਉਠ ਕਿ ਸੋਨੇ ਦਾ ਪਿੰਜਰਾ, ਜਿਸ ਵਿੱਚ ਮੈ ਕੈਦਾ ਹਾਂ, ਦੇਖਣ ਨੂੰ ਮਿਲਦਾ ਹੈ। ਮੇਰਾ ਮਾਲਕ ਬੜੇ ਸੋਹਣੇ ਜਿਹੇ ਭਾਂਡੇ ਵਿੱਚ ਮੈਨੂੰ ਸਵਾਦਿਸ਼ਟ ਖਾਣਾ ਖਾਣ ਨੂੰ ਦਿੰਦਾ। ਹਰ ਕੋਈ ਇਹੋ ਜਹੀ ਜ਼ਿੰਦਗੀ ਨੂੰ ਲੋਚਦਾ ਹੈ, ਪਰ ਮੇਰਾ ਮਨ ਉਦਾਸ ਹੁੰਦਾ ਜਦੋਂ ਮੈਂ ਬਰਾਂਡੇ ਵਿੱਚ ਬੈਠਾ ਆਪਣੇ ਸਾਥੀਆਂ ਦੀਆਂ ਅਵਾਜ਼ਾਂ ਸੁਣਦਾ ਅਤੇ ਦੂਜੇ ਜਾਨਵਰਾਂ ਦੀਆਂ ਡਾਰਾਂ ਨੂੰ ਉਪਰੋਂ ਲੰਘਦਾ ਵੇਖਦਾ। ਮੇਰਾ ਮਨ ਕਰਦਾ ਕਿ

ਕਾਸ਼ ਮੈਂ ਵੀ ਆਜ਼ਾਦ ਹੋਵਾਂ ਇਹਨਾਂ ਵਾਂਗ ਖੁੱਲ੍ਹੀਆਂ ਫਿਜਾਵਾਂ ਵਿੱਚ ਉਡਾਂ ਪਰ ਮੇਰਾ ਦਰਦੇ ਹਾਲ ਨਾ ਹੀ ਮੇਰਾ ਮਾਲਕ ਸੁਣਦਾ ਹੈ ਨਾ ਕੋਈ ਹੋਰ ਆਉਣ ਜਾਣ ਵਾਲਾ ਇਨਸਾਨ, ਇੰਜ ਲੱਗਦਾ ਕਿ ਜਿਵੇਂ ਮਨੁੱਖ ਖ਼ੁੱਦ ਗਰਜ਼ ਹੋ ਗਿਆ ਹੈ। ਪਰ ਮੇਰੀ ਆਜ਼ਾਦੀ ਦੀ

ਉਮੀਦ ਉਦੋਂ ਟੁੱਟੀ ਜਦੋਂ ਮੈਂ ਆਪਣੇ ਮਾਲਕ ਦੀ ਜ਼ਿੰਦਗੀ ਸਮਝਣੀ ਸ਼ੁਰੂ ਕੀਤੀ, ਉਦੋਂ ਪਤਾ ਲੱਗਾ ਕਿ ਇਹ ਤਾਂ ਆਪ ਹੀ ਮੋਹ ਮਾਇਆ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਹੈ। ਹਰ ਕਿਸੇ ਦਾ ਕੋਈ ਨਾ ਕੋਈ ਮਨੁੱਖੀ ਰੂਪ ਵਿੱਚ ਆਕਾ ਹੈ, ਜਦਕਿ ਉਸ ਸਿਰਜਣ ਹਾਰ ਨੂੰ ਸਭ ਭੁੱਲੇ ਬੈਠੇ ਹਨ ਜੋ ਸਾਰੀ ਕਾਈਨਾਤ ਦਾ ਹੁਕਮਰਾਨ ਹੈ। ਜੇ ਕੋਈ ਆਜ਼ਾਦ ਹੋਣ ਦੀ ਸੋਚਦਾ ਹੈ ਤਾਂ ਉਸਦੀ ਸੋਚ ਨੂੰ ਕੁਚਲ ਦਿੱਤਾ ਜਾਂਦਾ ਹੈ। ਉਸ ਦਿਨ

ਤੋਂ ਮੇਰੀ ਰਿਹਾਈ ਦੀ ਉਮੀਦ ਟੁੱਟੀ ਤੇ ਇਹ ਸਮਝ ਆਈ ਜਿੰਨ੍ਹਾਂ ਨੇ ਮੈਨੂੰ ਪਿੰਜਰੇ ਵਿੱਚ ਪਾਇਆ ਹੈ ਉਹ ਮੇਰੇ ਤੋਂ ਵੀ ਵੱਡੇ ਪਿੰਜਰੇ ਵਿੱਚ ਕੈਦ ਹਨ। ਰੱਬ ਨੂੰ ਅਰਦਾਸ ਕਰਦਾ ਹਾਂ ਕਿ ਦੁਨੀਆਂ ਨੂੰ ਸੁਮੱਤ ਬਖਸ਼ੇ ਤਾਂ ਜੋ ਇਹ ਆਜ਼ਾਦ ਸੋਚ ਦੇ ਮਲਾਕ ਬਣਨ ਤਾਂ ਹੀ ਸ਼੍ਰਿਸਟੀ ਦਾ ਉਧਾਰ ਹੋ ਸਕੇਗਾ ।

## ਹਲਕਾ ਫੁਲਕਾ

ਵਿਆਹ ਵਿੱਚ ਪੱਪੂ ਬੜੀ ਦੇਰ ਤੋਂ ਖਾਣਾ ਖਾ ਰਿਹਾ ਸੀ...
ਕਿਸੇ ਨੇ ਪੁੱਛਿਆ, ''ਓਏ! ਹੋਰ ਕਿੰਨਾ ਖਾਵੇਂਗਾ?''
ਪੱਪੂ, ''ਜੀ, ਮੈਂ ਖਾਂਦੇ-ਪੀਂਦੇ ਪ੍ਰੇਸ਼ਾਨ ਹੋ ਗਿਆ ਹਾਂ, ਪਰ ਕੀ ਕਰਾਂ ਵਿਆਹ ਦੇ ਕਾਰਡ ਵਿੱਚ ਲਿਖਿਆ ਹੈ ਕਿ ਖਾਣਾ ਖਾਣ ਦਾ ਸਮਾਂ ਸੱਤ ਤੋਂ 10 ਵਜੇ ਤੱਕ।''

********

ਪਤੀ, ''ਇਸ ਮਹੀਨੇ ਮੈਂ ਤੈਨੂੰ ਇੱਕ ਪੈਸਾ ਵੀ ਨਹੀਂ ਦੇਵਾਂਗਾ।''
ਪਤਨੀ, ''ਤੁਸੀਂ ਬਸ ਮੈਨੂੰ ਪੰਜ ਸੌ ਰੁਪਏ ਉਧਾਰ ਦੇ ਦਿਓ, ਤੁਹਾਡੀ ਸੈਲਰੀ ਮਿਲਣ ਉਤੇ ਤੁਹਾਨੂੰ ਵਾਪਸ ਕਰ ਦੇਵਾਂਗਾ।''

********

ਨੌਕਰਾਣੀ, ''ਮਾਲਕਣ, ਮੈਨੂੰ 10 ਦਿਨ ਦੀ ਛੁੱਟੀ ਚਾਹੀਦੀ ਹੈ।''
ਮਾਲਕਣ, ''ਜੇ ਤੂੰ ਛੁੱਟੀ ਚਲੀ ਜਾਵੇਂਗੀ ਤਾਂ ਸਾਹਿਬ ਦਾ ਨਾਸ਼ਤਾ ਕੌਣ ਬਣਾਏਗਾ, ਟਿਫਨ ਕੌਣ ਪੈਕ ਕਰੇਗਾ, ਕੱਪੜੇ ਕੌਣ ਧੋਵੇਂਗਾ, ਉਨ੍ਹਾਂ ਨੂੰ ਟਾਈਮ ਉਤੇ ਦਵਾਈ ਕੌਣ ਦੇਵੇਗਾ?''
ਨੌਕਰਾਣੀ, ''ਠੀਕ ਹੈ ਤਾਂ ਫਿਰ ਮੈਂ ਮਾਲਕ ਨੂੰ ਵੀ ਆਪਣੇ ਨਾਲ ਲੈ ਜਾਂਦੀ ਹਾਂ।''

# ਪੰਜਾਬ ਸਰਕਾਰ ਅਧਿਕਾਰਤ ਕਲੋਨੀਆਂ ਵਿੱਚ ਆਲ੍ਹਾ ਦਰਜੇ ਦੀਆਂ ਸਹੂਲਤਾਂ ਯਕੀਨੀ ਬਣਾਏਗੀ-ਅਮਨ ਅਰੋੜਾ

## *ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਵੱਲੋਂ ਪੀਡੀਏ ਦੇ ਕੰਮਕਾਜ ਅਤੇ ਵੱਖ-ਵੱਖ ਪ੍ਰਾਜੈਕਟਾਂ ਦੀ ਸਮੀਖਿਆ

ਪਟਿਆਲਾ, 28 ਜੁਲਾਈ (ਪੋਸਟ ਬਿਉਰੋ)- ਸੂਬੇ ਦੇ ਸ਼ਹਿਰੀ ਇਲਾਕਿਆਂ ਵਿਚ ਨਾਗਰਿਕਾਂ ਨੂੰ ਸਾਰੀਆਂ ਮੁਢਲੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀਆਂ ਅਧਿਕਾਰਤ ਕਲੋਨੀਆਂ ਦੇ ਵਸਨੀਕਾਂ ਨੂੰ ਆਹਲਾ ਦਰਜੇ ਦੀਆਂ ਸਹੂਲਤਾਂ ਯਕੀਨੀ ਬਣਾਏਗੀ।

ਅਮਨ ਅਰੋੜਾ ਨੇ ਕਿਹਾ ਕਿ ਇਸੇ ਵਚਨਬੱਧਤਾ ਤਹਿਤ ਸੂਬਾ ਸਰਕਾਰ ਸ਼ਹਿਰੀ ਖੇਤਰਾਂ ਵਿੱਚ ਇਸ ਸੁਤੰਤਰਤਾ ਦਿਵਸ ਮੌਕੇ ਪਟਿਆਲਾ ਵਿਕਾਸ ਅਥਾਰਟੀ ਅਧੀਨ ਆਉਂਦੀਆਂ ਵੱਖ-ਵੱਖ ਥਾਵਾਂ ਦੀ ਨਿਲਾਮੀ ਤੋਂ ਇਲਾਵਾ ਨਵੀਂ ਸਕੀਮ ਲਾਂਚ ਕਰਨ ਜਾ ਰਹੀ ਹੈ। ਪਟਿਆਲਾ ਵਿਕਾਸ ਅਥਾਰਟੀ ਦੇ ਕੰਮ ਕਾਜ ਦਾ ਜਾਇਜ਼ਾ ਲੈਂਦਿਆਂ ਸ੍ਰੀ ਅਮਨ ਅਰੋੜਾ ਨੇ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ 34.64 ਏਕੜ ਵਾਲੇ ਪ੍ਰਾਜੈਕਟ 'ਪੀਡੀਏ ਇਨਕਲੇਵ ਧੂਰੀ' ਦੀ ਅਸਲ ਸਥਿਤੀ ਦਾ ਮੁਲਾਂਕਣ ਵੀ ਕੀਤਾ। ਇਸ ਮੌਕੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਪ੍ਰਮੁੱਖ ਸਕੱਤਰ ਸ੍ਰੀ ਅਜੋਏ ਕੁਮਾਰ ਸਿਨਹਾ ਅਤੇ ਪਟਿਆਲਾ ਵਿਕਾਸ ਅਥਾਰਟੀ ਦੇ ਡਿਪਟੀ ਕਮਿਸ਼ਨਰ-ਕਮ-ਮੁੱਖ ਪ੍ਰਸ਼ਾਸਕ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਉਨ੍ਹਾਂ ਨੂੰ ਦੱਸਿਆ ਕਿ ਪੀਡੀਏ ਆਜ਼ਾਦੀ ਦਿਵਸ ਦੀ 75ਵੀਂ



ਵਰ੍ਹੇਗੰਢ 'ਤੇ ਇਸ ਦੀਆਂ ਵੱਖ-ਵੱਖ ਸਾਈਟਾਂ ਦੀ ਨਿਲਾਮੀ ਕਰੇਗੀ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਸ਼ਹਿਰੀ ਖੇਤਰਾਂ ਵਿੱਚ ਨਵੀਂ ਯੋਜਨਾਬੱਧ ਟਾਊਨਸ਼ਿਪ ਲਿਆਉਣ ਪ੍ਰਤੀ ਪਿਛਲੀਆਂ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਹੀ ਸੂਬੇ ਦੇ ਸ਼ਹਿਰੀ ਖੇਤਰਾਂ ਵਿੱਚ ਗੈਰ-ਕਾਨੂੰਨੀ ਕਲੋਨੀਆਂ ਅਤੇ ਬੇਤਰਤੀਬੇ ਵਿਕਾਸ ਦਾ ਮੁੱਖ ਕਾਰਨ ਹਨ, ਜੋ ਕਿ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਰੁਕਾਵਟ ਬਣ ਰਹੀਆਂ ਹਨ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਰਹਿਣਾ ਪੈ ਰਿਹਾ ਹੈ।

ਮੰਤਰੀ ਨੇ ਅਣਅਧਿਕਾਰਤ ਕਲੋਨੀਆਂ ਵਿੱਚ ਸਥਿਤ ਪਲਾਟਾਂ ਅਤੇ ਇਮਾਰਤਾਂ ਨੂੰ ਐਨਓਸੀ ਜਾਰੀ ਕਰਨ ਲਈ ਢੁਕਵੀਂ ਵਿਧੀ ਬਣਾਉਣ ਲਈ ਪੀ.ਡੀ.ਏ. ਦੀ ਸ਼ਲਾਘਾ ਕੀਤੀ। ਉਹਨਾਂ ਨੂੰ ਇਹ ਵੀ ਦੱਸਿਆ ਗਿਆ ਕਿ ਪੀ.ਡੀ.ਏ. ਨੇ ਲੋਕਾਂ ਦੀ ਸਹੂਲਤ ਲਈ ਇਸ ਸਬੰਧ ਵਿੱਚ ਇੱਕ ਹੈਲਪਲਾਈਨ ਨੰਬਰ 0175-5020555 ਸ਼ੁਰੂ ਕਰਨ ਤੋਂ ਇਲਾਵਾ ਸਿੰਗਲ ਵਿੰਡੋ ਸਿਸਟਮ ਸ਼ੁਰੂ ਕੀਤਾ ਹੈ। ਉਨ੍ਹਾਂ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਪੀਡੀਏ ਦੇ ਆਨਲਾਈਨ ਪੋਰਟਲ 'ਤੇ ਕੋਈ ਵੀ ਕੇਸ ਬਕਾਇਆ ਨਹੀਂ ਹੈ।

# ਹਾਰਨ ਵਜਾਉਣ ਉਤੇ ਪਰੇ ਨਾ ਹਟੇ ਨੌਜਵਾਨ ਦਾ ਲੜਕੀ ਵੱਲੋਂ ਕਤਲ

ਰਾਏਪੁਰ, 28 ਜੁਲਾਈ (ਪੋਸਟ ਬਿਊਰੋ)- ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿੱਚ ਹਾਰਨ ਦੀ ਆਵਾਜ਼ ਨਾ ਸੁਣ ਸਕਣ ਉੱਤੇ ਬੋਲ਼ੇ ਨੌਜਵਾਨ ਦੀ ਸਕੂਟਰੀ ਸਵਾਰ ਲੜਕੀ ਨੇ ਚਾਕੂ ਨਾਲ ਗਲਾ ਵੱਢ ਕੇ ਹੱਤਿਆ ਕਰ ਦਿੱਤੀ। ਨੌਜਵਾਨ ਦੀ ਮੌਕੇ ਉੱਤੇ ਮੌਤ ਹੋ ਗਈ, ਜਿਸ ਬਾਰੇ ਪੁਲਸ ਅਗਲੀ ਕਾਰਵਾਰੀ ਕਰ ਰਹੀ ਹੈ।

ਪਤਾ ਲੱਗਾ ਹੈ ਕਿ ਲੜਕੀ ਸਕੂਟਰੀ ਉੱਤੇ ਮਾਂ ਦੇ ਨਾਲ ਜਾ ਰਹੀ ਸੀ। ਬੀਤੇ ਐਤਵਾਰ ਦੁਪਹਿਰੇ ਕਰੀਬ 12 ਵਜੇ ਭੀੜ ਭਰੀ ਸੜਕ ਤੇ ਉਸ ਨੇ ਅੱਗੇ ਚੱਲ ਰਹੇ ਸਾਈਕਲ ਸਵਾਰ ਨੂੰ ਰਾਹ ਦੇਣ ਲਈ ਹਾਰਨ ਵਜਾਇਆ। ਸਾਈਕਲ ਸਵਾਰ ਸੁਦਾਮਾ ਦਲੇਰ ਹਾਰਨ ਨਹੀਂ ਸੁਣ ਸਕਿਆ, ਜਿਸ ਕਾਰਨ ਰਸਤੇ ਤੋਂ ਨਹੀਂ ਹਟਿਆ। ਇਸ ਕਾਰਨ ਲੜਕੀ ਗੁੱਸੇ ਹੋ ਗਈ। ਕੁਝ ਦੂਰ ਜਾ ਕੇ ਉਸ



ਨੇ ਸਕੂਟਰੀ ਰੋਕੀ ਅਤੇ ਸਾਈਕਲ ਸਵਾਰ ਨਾਲ ਮਾਰਕੁੱਟ ਕਰਨ ਲੱਗੀ। ਲੜਕੀ ਦੀ ਮਾਂ ਛੁਡਾਉਣ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਲੜਕੀ ਨੇ ਚਾਕੂ ਕੱਢਿਆ ਅਤੇ ਸੁਦਾਮੇ ਉੱਤੇ ਹਮਲਾ ਕਰ ਕੇ ਗਲਾ ਵੱਢ ਦਿੱਤਾ, ਜਿਸ ਨਾਲ ਉਸ ਦੀ ਮੌਕੇ ਉੱਤੇ ਮੌਤ ਹੋ ਗਈ। ਬਾਅਦ ਵਿੱਚ ਪਤਾ ਲੱਗਾ ਕਿ ਸੁਦਾਮਾ ਕੰਨਾਂ ਤੋਂ ਬੋਲ਼ਾ ਸੀ।

ਵਾਰਦਾਤ ਦੇ ਬਾਅਦ ਲੜਕੀ ਸਕੂਟਰੀ ਲੈ ਕੇ ਫਰਾਰ ਹੋ ਗਈ। ਉਹ ਇੱਕ ਪੁਰਾਣੇ ਹਿਸਟਰੀਸ਼ੀਟਰ ਦੇ ਘਰ ਸ਼ਰਨ ਲੈਣ ਗਈ ਤਾਂ ਪੁਲਸ ਨੇ ਫੜ ਲਈ। ਉਸ ਕੋਲੋਂ ਇੱਕ ਹੋਰ ਚਾਕੂ ਵੀ ਮਿਲਿਆ। ਲੜਕੀ ਨਸ਼ਾ ਕਰਦੀ ਹੈ। ਉਹ ਹਮੇਸ਼ਾ ਚਾਕੂ ਨਾਲ ਰੱਖਦੀ ਸੀ। ਲੜਕੀ ਦੀ ਉਮਰ 15 ਸਾਲ ਦੱਸੀ ਗਈ ਹੈ। ਪੁਲਸ ਬੋਨ ਮੈਰੋ ਟੈਸਟ ਕਰਾਉਣ ਦੀ ਤਿਆਰੀ ਕਰ ਰਹੀ ਹੈ। ਲੜਕੀ ਦੀ ਮਾਂ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ ਸਬਜ਼ੀ ਕੱਟਣ ਵਾਲੇ ਚਾਕੂ ਨਾਲ ਉਹ ਉਨ੍ਹਾਂ ਨੂੰ ਡਰਾ ਰਹੀ ਸੀ। ਇੰਟਰਨੈਟ ਮੀਡੀਆ ਵਿੱਚ ਲੜਕੀ ਦੇ ਕਈ ਵੀਡੀਓਜ਼ ਮਿਲੇ ਹਨ। ਇੱਕ ਵੀਡੀਓ ਵਿੱਚ ਉਹ ਚਾਕੂ ਦਿਖਾ ਕੇ ਨੌਜਵਾਨ ਨੂੰ ਧਮਕਾ ਰਹੀ ਹੈ। ਕੁਝ ਵੀਡੀਓਜ਼ ਵਿੱਚ ਸਿਗਰਟ, ਗਾਂਜਾ, ਚਰਸ ਦਾ ਧੂੰਆਂ ਉਡਾਉਂਦੇ ਹੋਏ ਖੁਦ ਨੂੰ 'ਕਵੀਨ ਆਫ ਸਿਟੀ' ਲਿਖਿਆ ਹੈ। ਲੜਕੀ ਨੇ ਬਲਾਤਕਾਰ ਤੇ ਪਾਕਸੋ ਐਕਟ ਦੇ ਤਹਿਤ ਵੀ ਮਾਮਲੇ ਦਰਜ ਕਰਾਏ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 9178375961l9
647-760-2769

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE IN BRANTFORD
SHELLARD LN / CONKLIN RD
2000 sq feet ਦਾ Semi-Detached ਘਰ
4 ਬੈੱਡਰੂਮ+4 ਵਾਸ਼ਰੂਮ+3 ਕਾਰ ਪਾਰਕਿੰਗ
ਸਟੇਨਲੇਸ ਸਟੀਲ ਉਪਕਰਨ
ਫਨਿਸ਼ਿਡ ਬੇਸਮੈਂਟ
ਰਸੋਈ ਵਿੱਚ ਪੋਰਸਲਿਨ ਫਲੋਰ ਟਾਇਲਸ
ਕੁਆਰਟਜ ਕਾਊਂਟਰ ਟੌਪ
ਮਾਸਟਰ ਬੈੱਡਰੂਮ ਵਿੱਚ 4 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
JUST LISTED FOR SALE IN BRAMPTON
WILLIAMS PKWY / CHINGUACOUSY RD
2500 - 3000 sq feet
Detach ਘਰ, ਡਬਲ ਡੋਰ ਐਂਟਰੀ
4 ਬੈੱਡਰੂਮ + ਕੰਪਿਊਟਰ ਲੋਫਟ + 3 ਵਾਸ਼ਰੂਮ + 2 ਕਾਰ ਗੈਰੇਜ
ਮਾਸਟਰ ਬੈੱਡਰੂਮ ਵਿੱਚ 5 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
ਸਟੇਨਲੇਸ ਸਟੀਲ ਉਪਕਰਨ
ਹਾਈਵੇਅ 403 ਦੇ ਨੇੜੇ
SOLD WILLIAMS PKWY / CENTRE ST
SOLD WILLIAMS PKWY / ROYAL ORCHARD
SOLD QUEEN ST / DIXIE RD
SOLD SANDALWOOD / BRAIDWOOD LAKE
SOLD HOWDEN BLVD / WILLIAM PRWY
SOLD QUEEN ST / MCLAUGHLIN
SOLD HWY 10 / BOVAID DR
SOLD GOREWAY DR / QUEEN ST E
FREE
Full MLS Services
Consistently Marketing Your Property Until SOLD
Competitive Rates, Exceptional Service & Award Winning Results
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
JUNE 2022


ROYAL CANADIAN International CIRCUS
UNDER THE BIG TOP
July 21–August 28
ETOBICOKE, SCARBOROUGH, MISSISSAUGA, BURLINGTON
2 for 1
GENERAL ADMISSION
TICKETS
at www.royalcanadiancircus.ca
promo code Punjabi


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive Etobicoke ON M9V-3Z7 416-740-3262
21 Lacoste Blvd, Brampton, ON L6P 2K2 905 794-8109
621 Wanless drive, # 122 Brampton ON L7A 0A9 905-495-3336
1075 Ceremonial Drive Mississauga ON L5R 2Z4 905-502-1600
80 Pertosa Drive Brampton ON L5X-5E9 905-460-0009
10510 Torbram Road, Brampton 905-790-0030
2120 North park Drive Brampton ON L6S 0C9 905-793-1338
10 Pannahill Dr, Brampton 905 913-8017